# ਅੰਮ੍ਰਿਤ ਕੀਰਤਨ

## ਈ-ਮੈਗਜ਼ੀਨ | e-Magazine

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥

In Saawan, be happy, O my mind. The rainy season has come,
and the clouds have burst into showers.

ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥

My mind and body are pleased by my Lord,
but my Beloved has gone away.

ਪਿਰੁ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥

My Beloved has not come home, and I am dying of the
sorrow of separation. The lightning flashes, and I am scared.

ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥

My bed is lonely, and I am suffering in agony.
I am dying in pain, O my mother!

ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥

Tell me - without the Lord, how can I sleep, or feel hungry?
My clothes give no comfort to my body.

ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥

O Nanak! She alone is a happy soul-bride,
who merges in the Being of her Beloved Husband Lord

(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ਅੰਗ ੧੧੦੮)

ਸੰਪਾਦਕ
ਡਾ. ਜਾਗੀਰ ਸਿੰਘ

ਜੁਲਾਈ 2025



## ਗੁੱਝੀਆਂ ਰਮਜ਼ਾਂ

ਹਰੀ ਨਾਮ ਨ ਕਬਹੂੰ ਲੀਤਾ,
ਇਤਨੀ ਉਮਰ ਗੁਜ਼ਾਰੀ ਹੂ।
ਖਾਂਦੇ ਪੀਂਦੇ ਹੱਸਦੇ ਹੱਸਦੇ,
ਭੁਲਿਆ ਨਾਮ ਮੁਰਾਰੀ ਹੂ।
ਵਸਤੁ ਦਿੱਤੀਆਂ ਰੱਬ ਸਾਂਈ ਨੇ,
ਗਿਣਤੀ ਹੋਇ ਨ ਸਾਰੀ ਹੂ।
ਸ਼ੁਕਰ ਸਾਂਈ ਸੰਤੋਖ ਨ ਕੀਤਾ,
ਜਿੱਤ ਕੇ ਬਾਜ਼ੀ ਹਾਰੀ ਹੂ।

ਪੁਸਤਕ – ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
* ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

**ਸੰਪਾਦਕੀ : ਨਾਨਕ ਸਾਖੀ** 2

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ**
ਡਾ. ਜਾਗੀਰ ਸਿੰਘ 4

**ਵਿਛੜੀ ਸੰਗੀਤਕ ਰੂਹ ਜਗਜੀਤ ਕੌਰ**
ਡਾ. ਗੁਰਨਾਮ ਸਿੰਘ 5

**ਡਾ. ਗੁਰਨਾਮ ਸਿੰਘ ਦਾ ਗੁਰਮਤਿ ਸੰਗੀਤ ਨੂੰ ਯੋਗਦਾਨ**
ਮਨਦੀਪ ਸਿੰਘ 8

**ਆਗਰਾ ਘਰਾਣਾ ਦੇ 'ਸਗੁਨ ਪੀਆ' ਪੰਡਿਤ ਯਸ਼ਪਾਲ**
ਡਾ. ਨਿਵੇਦਿਤਾ ਸਿੰਘ 16

**Bhai Inderjit Singh Ji (Bombay)**
Dr. Amardev Singh 18

**ਸੁਰਲਿਪੀ**
ਰਾਗ ਸਿਮਹੇਂਦਰਮਧਯਮਮ
ਗੁਰਬਖ਼ਸ਼ ਸਿੰਘ 20

**ਸਾਲਾਨਾ ਚੰਦਾ : 500/-ਰੁਪਏ**

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :
**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਨਾਨਕ ਸਾਖੀ

ਓਸ਼ੋ ਰਜਨੀਸ਼ ਦੇ ਵਿਚਾਰਾਂ ਅਤੇ ਜੀਵਨ ਨੂੰ ਵਿਵਾਦਗ੍ਰਸਤ ਕਿਹਾ ਜਾ ਸਕਦਾ ਹੈ। ਪਰ ਆਪਣੇ ਗਿਆਨ ਅਤੇ ਵਿਖਿਆਨ ਸ਼ੈਲੀ ਦੇ ਮਿਕਨਾਤੀਸੀ ਪ੍ਰਭਾਵ ਕਾਰਨ ਉਹ ਪਿਛਲੀ ਸਦੀ ਦਾ ਮਹਾਨ ਵਿਦਵਾਨ ਸਥਾਪਤ ਹੋ ਚੁਕਾ ਹੈ। ਸੰਨ 1985 ਵਿੱਚ ਜਪੁ ਜੀ ਬਾਰੇ ਉਸ ਦੀ ਪੂਰੀ ਵਿਖਿਆਨ ਮਾਲਾ ਦੀਆਂ ਕੈਸਟਾਂ ਮੈਂ ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ ਮੈਰੀਲੈਂਡ ਅਮਰੀਕਾ ਵਿਖੇ ਸੁਣੀਆਂ ਸਨ।ਕਈ ਦਿਨ ਅਜੀਬ ਤਰ੍ਹਾਂ ਦੇ ਲੋਰ ਵਿੱਚ ਰਿਹਾ ਸਾਂ। ਇਸ ਵਿਖਿਆਨ ਲੜੀ ਦੇ ਪਹਿਲੇ ਭਾਸ਼ਣ ਵਿੱਚ ਉਹ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਕਥਾ ਬੜੀ ਸੰਗੀਤਮਈ ਸ਼ੈਲੀ ਵਿੱਚ ਵਰਣਨ ਕਰਦਾ ਹੈ।–

ਇੱਕ ਹਨੇਰੀ ਰਾਤ। ਭਾਦਰੋਂ ਦੀ ਮੱਸਿਆ। ਬੱਦਲਾਂ ਦੀ ਗੜਗੜਾਹਟ।ਕਦੀ ਕਦੀ ਬਿਜਲੀ ਦਾ ਚਮਕਣਾਂ। ਬਾਰਿਸ਼ ਦੀਆਂ ਫੁਹਾਰਾਂ। ਪਿੰਡ ਪੂਰਾ ਸੁੱਤਾ ਹੋਇਆ। ਬੱਸ ਨਾਨਕ ਦੇ ਗਾਉਣ ਦੀ ਗੂੰਜ।

ਰਾਤੀਂ ਦੇਰ ਤੱਕ ਉਹ ਗਾਉਂਦੇ ਰਹੇ। ਨਾਨਕ ਦੀ ਮਾਂ ਡਰੀ। ਰਾਤ ਅੱਧੀ ਤੋਂ ਵੱਧ ਬੀਤ ਗਈ। ਕੋਈ ਤਿੰਨ ਵੱਜਣ ਨੂੰ ਆਏ।ਨਾਨਕ ਦੇ ਕਮਰੇ ਦਾ ਦੀਵਾ ਜਗ ਰਿਹਾ ਹੈ। ਕਦੀ ਕਦੀ ਗਾਉਣ ਦੀ ਆਵਾਜ਼ ਆਉਂਦੀ ਹੈ। ਨਾਨਕ ਦੇ ਦਰਵਾਜ਼ੇ ਤੇ ਨਾਨਕ ਦੀ ਮਾਂ ਨੇ ਦਸਤਕ ਦਿੱਤੀ ਅਤੇ ਕਿਹਾ, 'ਬੇਟਾ , ਹੁਣ ਸੌਂ ਵੀ ਜਾ, ਰਾਤ ਤਾਂ ਹੁਣ ਖਤਮ ਹੀ ਹੋਣ ਲੱਗੀ ਹੈ।'

ਨਾਨਕ ਚੁੱਪ ਹੋਏ। ਉਦੋਂ ਹੀ ਰਾਤ ਦੇ ਹਨੇਰੇ ਵਿੱਚ ਇੱਕ ਪਪੀਹੇ ਨੇ ਕਿਹਾ, 'ਪਿਹੂ-ਪਿਹੂ'।

ਨਾਨਕ ਨੇ ਕਿਹਾ,'ਸੁਣ ਮਾਂ, ਅਜੇ ਤਾਂ ਪਪੀਹਾ ਚੁੱਪ ਨਹੀਂ ਹੋਇਆ। ਆਪਣੇ ਪਿਆਰੇ ਨੂੰ ਪੁਕਾਰ ਰਿਹਾ ਹੈ, ਤਾਂ ਮੈਂ ਕਿਵੇਂ ਚੁੱਪ ਹੋ ਜਾਵਾਂ? ਇਸ ਪਪੀਹੇ ਨਾਲ ਮੇਰੀ ਜ਼ਿੱਦ ਹੈ। ਜਦੋਂ ਤਕ ਇਹ ਗਾਉਂਦਾ ਰਹੇਗਾ, ਪੁਕਾਰਦਾ ਰਹੇਗਾ, ਮੈਂ ਵੀ ਪੁਕਾਰਦਾ ਰਹਾਂਗਾ ਅਤੇ ਇਸ ਦਾ ਪਿਆਰਾ ਤਾਂ ਬਹੁਤ ਨੇੜੇ ਹੈ, ਮੇਰਾ ਪਿਆਰਾ ਬਹੁਤ ਦੂਰ ਹੈ। ਜਨਮਾਂ ਜਨਮਾਂ ਤੱਕ ਗਾਉਂਦਾ ਰਹਾਂ ਤਾਂ ਹੀ ਉਸ ਤੱਕ ਪਹੁੰਚ ਸਕਾਂਗਾ।ਰਾਤ ਅਤੇ ਦਿਨ ਦਾ ਹਿਸਾਬ ਨਹੀਂ ਰੱਖਿਆ ਜਾ ਸਕਦਾ।ਨਾਨਕ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ।

ਨਾਨਕ ਨੇ ਪ੍ਰਮਾਤਮਾ ਨੂੰ ਗਾ ਗਾ ਕੇ ਪਾਇਆ। ਗੀਤਾਂ ਨਾਲ ਭਰਪੂਰ ਹੈ ਨਾਨਕ ਦਾ ਮਾਰਗ। ਇਸ ਲਈ ਨਾਨਕ ਦੀ ਖੋਜ ਬੜੀ ਵੱਖਰੀ ਹੈ। ਨਾਨਕ ਨੇ ਜੋਗ ਨਹੀਂ ਕੀਤਾ। ਤਪ ਨਹੀਂ ਕੀਤਾ। ਧਿਆਨ ਨਹੀਂ ਕੀਤਾ। ਨਾਨਕ ਨੇ ਸਿਰਫ ਗਾਇਆ ਅਤੇ ਗਾ ਕੇ ਹੀ ਪਾ ਲਿਆ। ਪਰ ਉਹਨਾਂ ਨੇ ਗਾਇਆ ਇੰਨੇ ਪੂਰੇ ਪ੍ਰਾਣਾਂ ਨਾਲ ਕਿ ਗਾਉਣਾ ਹੀ ਧਿਆਨ ਹੋ ਗਿਆ, ਗਾਉਣਾ ਹੀ ਜੋਗ ਬਣ ਗਿਆ, ਗਾਉਣਾ ਹੀ ਤਪ ਬਣ ਗਿਆ।----ਜਦੋਂ ਮੈਂ ਰਜਨੀਸ਼ ਵਲੋਂ ਬਿਆਨ ਕੀਤੀ ਇਹ ਕਥਾ ਸੁਣੀ ਸੀ ਤਾਂ ਸੋਚਿਆ ਕਿ ਰਜਨੀਸ਼ ਨੇ ਗੁਰੂ ਨਾਨਕ ਦੇਵ ਜੀ ਦੇ ਕੀਰਤਨ ਕਰਨ ਦੇ ਵਿਚਾਰ ਨੂੰ ਦ੍ਰਿੜ ਕਰਨ ਲਈ ਇਹ ਕਥਾ ਆਪ ਹੀ ਘੜ ਲਈ ਹੈ। ਪਰ 2007 ਵਿੱਚ ਜਦੋਂ ਮੈਂ ਆਪਣੀ ਪੁਸਤਕ 'ਗੁਰੂ ਨਾਨਕ ਦੇਵ ਜੀ ਅਤੇ ਸੰਗੀਤ' ਤਿਆਰ ਕਰ ਰਿਹਾ ਸਾਂ। ਜਨਮ ਸਾਖੀਆਂ ਪੜ੍ਹਨ ਦਾ ਸਬੱਬ ਬਣਿਆ । ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਦਰਜ ਇਹ ਸਾਖੀ ਪੜ੍ਹੀ ਤਾਂ ਇਸ ਦੀ ਸ਼ੈਲੀ ਪੜ੍ਹ ਕੇ ਰਜਨੀਸ਼ ਵੱਲ ਧਿਆਨ ਗਿਆ।ਕਮਾਲ ਹੈ ਰਜਨੀਸ਼ ਨੇ ਗੁਰੂ ਨਾਨਕ ਦੇਵ ਜੀ ਬਾਰੇ ਸਾਖੀਆਂ ਦਾ ਅਧਿਐਨ ਵੀ ਕੀਤਾ ਹੈ। ਪਰ ਇਹ ਕਮਾਲ ਦੀ ਗੱਲ ਹੈ ਇਹਨਾਂ ਸਾਖੀਆਂ ਦੀ ਸੰਗੀਤਮਈ ਸ਼ੈਲੀ ਰਜਨੀਸ਼ ਦੀ ਸ਼ੈਲੀ ਨਾਲੋਂ ਵੀ ਵਧੇਰੇ ਖਿੱਚ ਭਰਪੂਰ ਹੈ।ਆਓ ਸਾਖੀ ਜ਼ਰਾ ਉੱਚੀ ਬੋਲ ਕੇ ਪੜ੍ਹੋ--

ਜਦ ਗੁਰੂ ਬਾਬਾ ਨਾਨਕੁ ਜੀ ਚੌਬੀਸ ਬਰਬ ਕਾ ਹੂਆ ਤਬ ਏਕ ਦਿਨ ਗੁਰੂ ਬਾਬਾ ਨਾਨਕ ਜੀ ਨਗਰਿ ਤਲਵੰਡੀ ਦਾਦੇ ਕਾਲੂ ਕੈ ਘਰਿ ਜਬ ਰਹਤਾ, ਮਾਤਾ ਪਿਤਾ ਕੈ ਘਰਿ, ਤਬ ਚਉਮਾਸੇ ਕੇ ਦਿਨ ਥੇ ਅਰੁ ਘਟਾਂ ਸਾਵਨ ਕੀ ਉਮੰਡਿ ਉਮੰਡਿ ਲਾਗੀ ਬਰਸਨੈ। ਤਬ ਗੁਰੂ ਬਾਬਾ ਨਾਨਕੁ ਰਾਤਿ ਕੇ ਸਮੋ ਅਪਨੈ ਘਰਿ ਮਹਿ ਬੈਠਾ ਥਾ। ਤਬ ਜਿਉ ਜਿਉ ਮੇਘੁ ਗਰਜਿ ਗਰਜਿ ਬਰਸੈ, ਤਿਉ ਤਿਉ ਗੁਰੂ ਬਾਬੇ ਜੀ ਕਾ ਮਨੁ ਉਮੰਡਿ ਉਮੰਡਿ ਲਾਗਾ ਪਰਮੇਸੁਰ ਜੀ ਕਾ ਜਸੁ

ਗਾਵਣੈ। ਤਬ ਗੁਰੂ ਬਾਬੇ ਜੀ ਕਉ ਗਾਵਤੇ ਸੁਨਿ ਕਰਿ ਮਾਤਾ ਕਹਿਆ ਜਿ, ਬੱਚਾ* ਰੰਚਕ ਇਕੁ ਸੋਵਹਿ ਤਾ ਭਲਾ ਹੋਵੈ। ਜਬ ਏਹੁ ਸਬਦੁ ਮੁਖ ਤੇ ਮਾਤਾ ਜੀ ਕਹਿਆ, ਤਬ ਬਬੀਹਾ ਬੋਲਿਆ। ਤਬ ਬਬੀਹੈ ਕਹਿਆ ਜਿ, ਪ੍ਰਿਉ ਪ੍ਰਿਉ। ਤਬ ਗੁਰੂ ਬਾਬੇ ਕਹਿਆ ਜਿ, ਮਾਤਾ ਜੀ * ਮੇਰਾ ਸਰੀਕੁ ਜਿ ਸਿ ਜਾਗਦਾ ਹੈ, ਮੈ ਕਿਉ ਕਰਿ ਸੋਵਾ? ਤਬ ਮਾਤਾ ਜੀ ਕਹਿਆ ਜਿ, ਬੱਚਾ* ਸੁ ਤੇਰਾ ਸਰੀਕੁ ਕਵਣ ਹੈ ਜਿਸ ਕਾ ਲੀਆ ਤੂ ਜਾਗਤਾ ਹੈ? ਤਬ ਮਲਾਰ ਰਾਗ ਮਹਿ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ੍

ਰੈਨਿ ਬਾਬੀਹਾ ਬੋਲਿਓ ਮੇਰੀ ਮਾਈ।

ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਿਕ ਸੰਕੇਤਾਂ ਤੋਂ ਇਲਾਵਾ ਉਹਨਾਂ ਦੇ ਸ਼ਬਦਾਂ ਦੀ ਉਥਾਨਕਾ ਵਜੋਂ ਵੀ ਇਹ ਸਾਖੀਆਂ ਬੜੀਆਂ ਮਹੱਤਵਪੂਰਨ ਹਨ।ਜੇ ਸਾਡੇ ਆਮ ਗ੍ਰੰਥੀ ਵੀ ਇਹ ਸਾਖੀਆਂ ਉਸੇ ਸ਼ੈਲੀ ਵਿੱਚ ਸੁਣਾ ਕੇ ਸ਼ਬਦਾਂ ਦੇ ਸਰਲ ਅਰਥ ਕਰ ਦੇਣ ਤਾਂ ਇਹਨਾਂ ਸ਼ਬਦਾਂ ਦਾ ਭਾਵ ਸਰੋਤਿਆਂ ਦੇ ਮਨ ਵਿੱਚ ਵੱਸ ਜਾਂਦਾ ਹੈ। ਮੈਨੂੰ ਯਾਦ ਹੈ ਜਦੋਂ ਮੈਂ ਚੌਥੀ ਪੰਜਵੀਂ ਵਿੱਚ ਪੜ੍ਹਦਾ ਸਾਂ ਤਾਂ ਸਾਡੇ ਪਿੰਡ ਦੀਆਂ ਬਜ਼ੁਰਗ ਬੀਬੀਆਂ ਰਾਤ ਨੂੰ ਮੇਰੇ ਪਾਸੋਂ ਭਾਈ ਬਾਲੇ ਵਾਲੀ ਜਨਮ ਸਾਖੀ ਰੋਜ਼ ਸੁਣਦੀਆਂ ਸਨ। ਤੇ ਸਾਖੀ ਦੇ ਅਖੀਰ ਵਿੱਚ 'ਅੱਗੇ ਸਾਖੀ ਹੋਰ ਚੱਲੀ' ਕਹਿਕੇ ਸਮਾਪਤ ਕਰਦੇ ਸਾਂ। ਉਹ ਬੀਬੀਆਂ ਮੈਨੂੰ ਬਹੁਤ ਅਸੀਸਾਂ ਦਿੰਦੀਆਂ ਸਨ। ਮੈਨੂੰ ਜਾਪਦਾ ਹੈ ਅਸੀਂ ਇਹਨਾਂ ਸਾਖੀਆਂ ਨੂੰ ਤਥਾਤਮਕ ਪੜਚੋਲ ਕਰਨ ਦੇ ਬਹਾਨੇ ਨਾਲ ਅਣਗੌਲਾ ਕਰ ਰਹੇ ਹਾਂ।ਇਸ ਤਰ੍ਹਾਂ ਅਸੀਂ ਇੱਕ ਬੜੇ ਪ੍ਰਭਾਵਸ਼ਾਲੀ ਸਾਹਿਤਿਕ ਵਿਰਸੇ ਦੀ ਸ਼ਕਤੀ ਤੋਂ ਵਾਂਝੇ ਹੋ ਰਹੇ ਹਾਂ।

-- ਭੁੱਲ ਚੁੱਕ ਖਿਮਾ ਜੀ -- ਜਾਗੀਰ ਸਿੰਘ

# ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ

**ਡਾ. ਜਾਗੀਰ ਸਿੰਘ**

ਪ੍ਰੋਫੈਸਰ ਜਗਜੀਤ ਕੌਰ ਸੁਪਤਨੀ ਡਾਕਟਰ ਐਸ ਪੀ ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ, ਅਕਾਲ ਚਲਾਣਾ ਕਰ ਗਏ। ਮਨ ਵਿੱਚ ਇੱਕ ਟੀਸ ਉੱਠੀ ਇਹਨਾਂ ਦੇ ਆਨੰਦ ਕਾਰਜ ਤੇ ਮੈਂ ਕੀਰਤਨ ਕੀਤਾ ਸੀ। ਤੇ ਹੁਣ----ਇਹ ਕੁਝ ਸੋਚਦਿਆਂ ਗੁਰਬਾਣੀ ਦੀਆਂ ਤੁਕਾਂ ਅਤੇ ਅਕਾਲ ਚਲਾਣੇ ਦੇ ਸਮਾਗਮਾਂ ਤੇ ਗਾਇਨ ਕੀਤੇ ਅਨੇਕਾਂ ਸ਼ਬਦ ਯਾਦ ਆ ਜਾਂਦੇ ਹਨ-

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥

ਪਰ ਭਾਣਾ ਮੰਨਣ ਦਾ ਕਿਸੇ ਨੂੰ ਉਪਦੇਸ਼ ਦੇਣਾਂ ਤਾਂ ਸੌਖਾ ਹੈ ਪਰ ਆਪ ਭਾਣਾ ਮੰਨਣਾਂ ਔਖਾ ਹੈ। ਸ਼ਾਇਦ ਇਸੇ ਲਈ ਕਈ ਵਾਰ ਮੈਂ ਇੰਜ ਵੀ ਸ਼ਬਦ ਗਾਇਨ ਕਰਦਾ ਹੁੰਦਾ ਹਾਂ ਬਿਖਮੁ ਤੇਰਾ ਹੈ ਭਾਣਾ

ਤੇਰਾ ਮਹਲੁ ਅਗੋਚਰ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ॥

ਜਦੋਂ ਜਗਜੀਤ ਕੋਰ ਜੀ ਦਾ ਦੇਹਾਂਤ ਹੋਇਆ ਉਦੋਂ ਹੀ ਮੇਰੇ ਵੀਰ ਗੁਰਦੀਪ ਸਿੰਘ (ਮੇਰੀ ਭੂਆ ਜੀ ਦਾ ਪੁੱਤਰ) ਉਸ ਦੇ ਛੋਟੇ ਪੁੱਤਰ ਦਾ ਦੇਹਾਂਤ ਹੋ ਗਿਆ। ਗੁਰਦੀਪ ਸਿੰਘ ਆਪ ਦੋ-ਤਿੰਨ ਸਾਲ ਪਹਿਲਾ ਚਲਾਣਾ ਕਰ ਚੁੱਕਾ ਹੈ ਇਸ ਲਈ ਜਗਜੀਤ ਕੌਰ ਜੀ ਦੇ ਅੰਤਮ ਸਮਾਗਮ ਤੇ ਵੀ ਹਾਜ਼ਰ ਨਹੀਂ ਹੋ ਸਕਿਆ। ਪਰ ਪੁਰਾਣੀਆਂ ਯਾਦਾਂ ਤਾਂ ਇਕ ਫਿਲਮ ਵਾਂਗ ਘੁੰਮੀ ਜਾ ਰਹੀਆਂ ਹਨ।

1974 ਜੂਨ ਦੇ ਮਹੀਨੇ ਅਸਾਂ ਚੰਡੀਗੜ੍ਹ ਦੇ ਸੈਕਟਰ 19 ਡੀ ਦੇ ਗੁਰਦੁਆਰਾ ਸਾਹਿਬ ਵਿੱਚ ਆਪਣੇ ਰਾਗੀ ਜਥੇ ਸਮੇਤ ਕੀਰਤਨ ਦੀ ਸੇਵਾ ਸੰਭਾਲੀ। ਉਦੋਂ ਜਗਜੀਤ ਕੌਰ ਜੀ ਦੇ ਪਿਤਾ ਸ੍ਰ ਬਹਾਦਰ ਸਿੰਘ ਆਪਣੀ ਇਸ ਬੇਟੀ ਨਾਲ ਸਾਡਾ ਕੀਰਤਨ ਸੁਣਨ ਆਉਂਦੇ ਸਨ। ਉਦੋਂ ਇਹਨਾਂ ਨੇ ਇਤਨਾ ਪਿਆਰ ਦੇਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਚੰਡੀਗੜ੍ਹ ਜੋਗੇ ਹੋ ਕੇ ਹੀ ਰਹਿ ਗਏ।

ਸ਼ਾਮ ਦੇ ਕੀਰਤਨ ਤੋਂ ਬਾਅਤ ਸਾਡੇ ਕਮਰੇ ਵਿੱਚ ਇੱਕ ਵੱਖਰਾ ਦੀਵਾਨ ਸਜ ਜਾਂਦਾ ਇਥੇ ਸ ਬਹਾਦਰ ਸਿੰਘ ਅਤੇ ਸ ਸੰਪੂਰਨ ਸਿੰਘ ਜੋ ਪੰਜਾਬ ਸਕਤਰੇਤ ਵਿੱਚ ਅੰਡਰ ਸੈਕਟਰੀ ਸਨ। ਉਹ ਬਹੁਤ ਵੱਧੀਆ ਗਾਉਂਦੇ ਸਨ ਫਿਰ ਕਲਾਸੀਕਲ ਰਾਗ ਚਰਚਾ ਸ਼ੁਰੂ ਹੋ ਜਾਂਦੀ ਜਗਜੀਤ ਜੀ ਉਦੋਂ ਲੜਕੀਆਂ ਦੇ ਸਰਕਾਰੀ ਕਾਲਜ ਵਿੱਚ ਸੰਗੀਤ ਗਾਇਨ ਦੀ ਐਮ ਏ ਕਰ ਰਹੇ ਸਨ ਅਤੇ ਸ ਬਹਾਦਰ ਸਿੰਘ ਆਪਣੀ ਬੇਟੀ ਨੂੰ ਸੰਗੀਤ ਦੇ ਕਿਸੇ ਉੱਚੇ ਮੁਕਾਮ ਤੇ ਵੇਖਣਾ ਚਾਹੁੰਦੇ ਸਨ। ਇਹਨਾਂ ਦਾ ਘਰ ਉਦੋਂ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਸੀ ਮੈਂ ਅਕਸਰ ਇਹਨਾਂ ਦੇ ਘਰ ਚਲਾ ਜਾਂਦਾ ਤੇ ਜਗਜੀਤ ਹੋਰਾਂ ਦੇ ਐਮ ਏ ਦੇ ਸਿਲੇਬਸ ਦੇ ਰਾਗਾਂ ਦੀ ਤਿਆਰੀ ਵਿੱਚ ਉਹਨਾਂ ਦੀ ਯਥਾ ਯੋਗ ਮਦਦ ਕਰਦਾ।

ਇਸ ਸਮੇਂ ਅਸੀਂ ਸ੍ਰ ਬਹਾਦਰ ਸਿੰਘ ਅਤੇ ਹੋਰ ਸੱਜਣਾਂ ਦੀ ਪ੍ਰੇਰਨਾਂ ਦੁਆਰਾ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਨੂੰ ਕੀਰਤਨ ਕਲਾਸਾਂ ਸ਼ੁਰੂ ਕੀਤੀਆਂ ਤਾਂ ਸੰਗੀਤ ਵਿੱਚ ਰੁਚੀ ਰੱਖਣ ਵਾਲੇ ਹੋਰ ਪ੍ਰੇਮੀ ਸੰਪਰਕ ਵਿੱਚ ਆ ਗਏ। ਸ੍ਰ ਉਤਮ ਸਿੰਘ, ਹਰਮਿੰਦਰ ਕੌਰ, ਕੁਲਵਿੰਦਰ ਕੌਰ, ਰਵਿੰਦਰ ਕੌਰ ਆਦਿ ਨੇ ਇਹਨਾਂ ਕਲਾਸਾਂ ਵਿੱਚ ਆਪ ਕੀਰਤਨ ਸਿੱਖਣਾ ਅਤੇ ਸਿਖਾਉਣਾ ਸ਼ੁਰੂ ਕਰ ਦਿੱਤਾ। ਬੜਾ ਉਤਸ਼ਾਹਮਈ ਮਾਹੌਲ ਸੀ। ਇਹਨਾਂ ਵਿੱਚੋਂ ਬਹੁਤਿਆਂ ਨੇ ਸੰਗੀਤ ਅਤੇ ਕੀਰਤਨ ਖੇਤਰ ਵਿੱਚ ਨਾਮਣਾ ਖੱਟਿਆ। ਹਰਮਿੰਦਰ ਕੌਰ,ਰਵਿੰਦਰ ਕੌਰ ਕੁਲਵਿੰਦਰ ਕੌਰ ਤਾਂ ਸਕੂਲਾਂ-ਕਾਲਜਾਂ ਵਿੱਚ ਪ੍ਰਿੰਸੀਪਲ ਦੇ ਅਹੁਦੇ ਤਕ ਪਹੁੰਚੇ।

ਚੰਡੀਗੜ੍ਹ ਮੇਰੇ ਲਈ ਬਿਲਕੁਲ ਓਪਰਾ ਸ਼ਹਿਰ ਸੀ। ਇਥੇ ਬਹਾਦਰ ਸਿੰਘ ਤਾਂ ਜਿਵੇਂ ਇੱਕ ਵੱਡੇ ਭਰਾ ਵਾਂਗ ਮਿਲ ਗਏ ਫਿਰ ਤਾਂ ਮੈਂ ਉਹਨਾਂ ਨਾਲ ਆਪਣੇ ਸਾਰੇ ਨਿਜੀ ਮਸਲੇ ਡਿਸਕਸ ਕਰਨ ਲੱਗ ਪਿਆ ਤੇ ਸਲਾਹ ਲੈਣ ਲੱਗ ਪਿਆ। ਗੁਰਦੁਆਰਾ ਸਾਹਿਬ ਦੀ ਨੌਕਰੀ ਛੱਡਣ, ਗੁਰੂ ਗੋਬਿੰਦ ਸਿੰਘ ਕਾਲਜ ਵੱਲ ਜਾਣ ਅਤੇ ਹੋਰ ਅਨੇਕਾਂ ਗੱਲਾਂ ਬਾਰੇ ਉਹਨਾਂ ਨਾਲ ਸਲਾਹ ਕਰਦਾ ਸਾਂ। ਉਹ ਦਫਤਰੀ ਕੰਮਾਂ ਵਿੱਚ ਮਾਹਿਰ ਸਨ ਅਤੇ ਦੂਜਿਆਂ ਦੀ ਮਦਦ ਕਰਨ ਦਾ

ਜਜ਼ਬਾ ਵੀ ਸੀ। ਹੁਣ ਅਸੀਂ ਇੱਕ ਦੂਜੇ ਨਾਲ ਘਰ ਦੇ ਮਸਲਿਆਂ ਬਾਰੇ ਵੀ ਸਲਾਹਾਂ ਕਰਦੇ ਰਹਿੰਦੇ ਸਾਂ। ਜਗਜੀਤ ਜੀ ਐਮ ਕਰ ਕੇ ਨੌਕਰੀ ਲੱਗ ਗਏ ਤੇ ਜਦੋਂ ਜਗਜੀਤ ਕੌਰ ਜੀ ਦਾ ਅਨੰਦ ਕਾਰਜ ਹੋਇਆ ਤਾਂ ਕੀਰਤਨ ਕਰਨ ਦਾ ਮਾਣ ਵੀ ਮੈਨੂੰ ਮਿਲਿਆ।

ਬਹਾਦਰ ਸਿੰਘ ਜੀ ਨੇ ਅੰਤ ਤਕ ਸਾਡੇ ਨਾਲ ਪ੍ਰੇਮ ਨਿਭਾਇਆ। ਉਹਨਾਂ ਦੀ ਸੁਪਤਨੀ ਦੇ ਦੇਹਾਂਤ ਸਮੇਂ ਕਈ ਦਿਨ ਇਹਨਾਂ ਦੇ ਘਰ ਕੀਰਤਨ ਕਰਦਾ ਰਿਹਾ। ਫਿਰ ਜਦੋਂ ਇਹਨਾਂ ਦੇ ਛੋਟੇ ਪੁੱਤਰ ਦਾ ਦੇਹਾਂਤ ਹੋਇਆ ਵੀ ਕੀਰਤਨ ਕਰਦਾ ਰਿਹਾ। ਫਿਰ ਬਹਾਦਰ ਸਿੰਘ ਜੀ ਦੇਹਾਂਤ ਸਮੇਂ ਵੀ ਲੁਧਿਆਣੇ ਵਿਖੇ ਪੁਜ਼ ਕੇ ਕੀਰਤਨ ਕੀਤਾ।

ਡਾਕਟਰ ਐਸ ਪੀ ਸਿੰਘ ਜੀ ਨੇ ਮੈਨੂੰ ਹਮੇਸ਼ਾ ਮਾਣ ਦਿੱਤਾ ਹੈ। ਉਹਨਾਂ ਨੇ ਮੇਰੇ ਵੀਰ ਡਾਕਟਰ ਗੁਰਨਾਮ ਸਿੰਘ ਦੇ ਅਤੇ ਸਾਡੇ ਸਾਰੇ ਪ੍ਰੋਜੈਕਟਾਂ ਵਿੱਚ ਯੋਗ ਅਗਵਾਈ ਅਤੇ ਸਤਿਕਾਰ ਦਿੱਤਾ ਹੈ। ਵਲਵਲੇ ਬਹੁਤ ਹਨ ਪਰ ਸ਼ਬਦ ਨਹੀਂ ਮਿਲ ਰਹੇ ਜਿਹਨਾਂ ਨਾਲ ਪ੍ਰਗਟ ਕਰ ਸਕਾਂ। ਡਾਕਟਰ ਗੁਰਨਾਮ ਸਿੰਘ ਜੀ ਨੇ ਜਗਜੀਤ ਕੌਰ ਜੀ ਬਾਰੇ ਲਿਖਿਆ ਹੈ ਉਹ ਪ੍ਰਕਾਸ਼ਿਤ ਕਰ ਰਹੇ ਹਾਂ। -------

# ਵਿਛੜੀ ਸੰਗੀਤਕ ਰੂਹ ਜਗਜੀਤ ਕੌਰ

**ਡਾ. ਗੁਰਨਾਮ ਸਿੰਘ**

ਗੁਰ ਸ਼ਬਦ ਤੇ ਸੰਗੀਤ ਨਾਲ ਪ੍ਰੀਤ ਰੱਖਣ ਵਾਲੀ ਵਿਲੱਖਣ ਸ਼ਖਸੀਅਤ ਪ੍ਰੋ. ਜਗਜੀਤ ਕੌਰ ਭਰਪੂਰ ਜਿੰਦਗੀ ਜਿਊਂਦਿਆਂ ਅਚਾਨਕ ਸਾਨੂੰ ਸਾਰਿਆਂ ਨੂੰ ਮਿਤੀ 16 ਮਈ 2025 ਨੂੰ ਵਿਛੋੜਾ ਦੇ ਗਏ। ਪ੍ਰੋ. ਜਗਜੀਤ ਸੰਗੀਤ ਵਿਸ਼ੇ ਦੇ ਪ੍ਰਾਅਧਿਆਪਕ ਰਹੇ ਅਤੇ ਪੰਜਾਬ ਦੇ ਵੱਖੋਵੱਖ ਸਰਕਾਰੀ ਕਾਲਜਾਂ ਵਿੱਚ ਉਨ੍ਹਾਂ ਨੇ ਸੰਗੀਤ ਗਾਇਨ ਵਿਸ਼ੇ ਦਾ ਅਧਿਆਪਨ ਕਰਦਿਆਂ ਹਜ਼ਾਰਾਂ ਵਿਦਿਆਰਥੀਆਂ ਦੇ ਰਾਹ ਰੁਸ਼ਨਾਏ।

ਪ੍ਰੋ. ਜਗਜੀਤ ਦੇ ਪਿਤਾ ਸਰਦਾਰ ਬਹਾਦਰ ਸਿੰਘ ਚੰਡੀਗੜ੍ਹ ਪੰਜਾਬ ਸਕੱਤਰੇਤ ਵਿੱਚ ਅੰਡਰ ਸੈਕਟਰੀ ਸਨ ਤੇ ਮਾਤਾ ਸ੍ਰੀਮਤੀ ਬਲਵੰਤ ਕੌਰ ਇੱਕ ਅਧਿਆਪਕਾ ਸਨ। ਜਗਜੀਤ ਹੋਰਾਂ ਦਾ ਜਨਮ 16 ਮਈ 1951 ਵਿੱਚ ਹੋਇਆ। ਪਿਤਾ ਸ। ਬਹਾਦਰ ਸਿੰਘ ਨੇ ਜਗਜੀਤ ਨੂੰ ਪੁੱਤਰਾਂ ਵਾਂਗੂੰ ਹੱਥੀ ਛਾਵਾਂ ਦੇ ਕੇ, ਬੜੇ ਲਾਡਾਂ ਨਾਲ ਪਾਲਿਆ ਅਤੇ ਉਨ੍ਹਾਂ ਦੀ ਇੱਕ ਨੇਕ, ਸੁਹਿਰਦ, ਸੂਖਮ, ਸੰਵੇਦਨਸ਼ੀਲ, ਰੋਸ਼ਨ ਦਿਮਾਗ ਸ਼ਖਸ਼ੀਅਤ ਵਜੋਂ ਘਾੜਤ ਘੜੀ। ਸ. ਬਹਾਦਰ ਸਿੰਘ ਨੇ ਜਗਜੀਤ ਨੂੰ ਸੰਗੀਤ ਦੀ ਗੁੜ੍ਹਤੀ ਦਿੱਤੀ। ਦਰਅਸਲ ਸ. ਬਹਾਦਰ ਸਿੰਘ ਜੀ ਨੂੰ ਸੰਗੀਤ ਨਾਲ ਬਹੁਤ ਪਿਆਰ ਸੀ। ਆਪ ਸੁਗਮ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਸੁਹਿਰਦ ਸਰੋਤਾ ਤੇ ਮੁਰੀਦ ਸਨ। ਸੰਗੀਤ ਨੂੰ ਸੁਣਨਾ, ਮਾਨਣਾ ਤੇ ਸਲਾਹੁਣਾ ਆਪ ਦਾ ਸੁਭਾਅ ਸੀ। ਇਹੋ ਗੁਣ ਉਹ ਆਪਣੀ ਸਪੁੱਤਰੀ ਜਗਜੀਤ ਵਿੱਚ ਵੇਖਣਾ ਚਾਹੁੰਦੇ ਸੀ।

ਜਗਜੀਤ ਨੂੰ ਬਚਪਨ ਤੋਂ ਸੰਗੀਤ ਸੁਣਨ ਤੇ ਸਿੱਖਣ ਦੇ ਅਵਸਰ ਪ੍ਰਦਾਨ ਕੀਤੇ ਗਏ। ਸੰਗੀਤ ਦੇ ਪ੍ਰੋਗਰਾਮਾਂ ਵਿੱਚ ਦੋਵੇਂ ਪਿਓ ਧੀ ਹਮੇਸ਼ਾਂ ਪਹਿਲੀ ਕਤਾਰ ਵਿੱਚ ਬੈਠੇ ਹੁੰਦੇ। ਸਕੂਲ ਤੇ ਕਾਲਜ ਦੀਆਂ ਸੰਗੀਤ ਪ੍ਰਤੀਯੋਗਤਾਵਾਂ ਵਿੱਚ ਜਗਜੀਤ ਨੇ ਖੂਬ ਭਾਗ ਲਿਆ ਤੇ ਅਨੇਕ ਇਨਾਮ ਤੇ ਪੁਰਸਕਾਰ ਪ੍ਰਾਪਤ ਕੀਤੇ। ਇਹ ਉਹ ਸਮਾਂ ਸੀ ਜਦੋਂ ਉਹ ਮਿਸ ਕਾਲੇਕਰ ਵਰਗੇ ਸੰਗੀਤ ਉਸਤਾਦਾਂ ਕੋਲ ਚੰਡੀਗੜ੍ਹ ਵਿਖੇ ਤਾਲੀਮ ਲੈਂਦੇ ਸਨ। ਜਗਜੀਤ ਦੇ ਪਿਤਾ ਸ. ਬਹਾਦਰ ਸਿੰਘ ਦਾ ਪਰਿਵਾਰ ਅਤੇ ਮੇਰੇ ਵੱਡੇ ਵੀਰ ਡਾ. ਜਾਗੀਰ ਸਿੰਘ ਬਹੁਤ ਨਿਕਟਵਰਤੀ ਰਹੇ ਹਨ। 1977 ਵਿੱਚ ਉਨ੍ਹਾਂ ਦੀ ਸ਼ਾਦੀ ਪੰਜਾਬੀ ਸਾਹਿਤ ਜਗਤ ਦੀ ਮੰਨੀ ਪ੍ਰਮੰਨੀ ਸਖਸ਼ੀਅਤ ਡਾ. ਐਸ. ਪੀ. ਸਿੰਘ ਹੋਰਾਂ ਨਾਲ ਹੋਈ ਜੋ ਬਾਅਦ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਚਲ ਵੀ ਰਹੇ। ਇਹੀ ਉਹ ਸਮਾਂ ਸੀ ਜਦੋਂ ਜਗਜੀਤ ਦੀ ਬਤੌਰ ਸੰਗੀਤ ਲੈਕਚਰਾਰ ਸਰਕਾਰੀ ਕਾਲਜ ਵਿੱਚ ਨਿਯੁਕਤੀ ਹੋਈ। ਡਾ. ਐਸ. ਪੀ. ਸਿੰਘ ਹੋਰਾਂ ਨਾਲ ਰਿਸ਼ਤਿਆਂ ਦੀ ਗੰਢ ਪੀੜੀ ਹੋਣ ਨਾਲ ਸਾਡੇ ਭਰਾਵਾਂ ਵਰਗੇ ਦੋਸਤਾਂ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ। ਇਹ ਸਾਰਾ ਮਿੱਤਰ ਮੰਡਲ ਪੰਜਾਬ ਦੇ ਵੱਖ੍ ਵੱਖ ਖੇਤਰਾਂ ਵਿੱਚ ਸਰਗਰਮ ਸੀ।

1978 ਵਿੱਚ ਪ੍ਰੋ. ਜਗਜੀਤ ਸਰਕਾਰੀ ਕਾਲਜ ਮੰਡੀ ਗੋਬਿੰਦਗੜ੍ਹ ਤੋਂ ਸਟੇਟ ਕਾਲਜ ਆਫ ਐਜੂਕੇਸ਼ਨ ਵਿੱਚ ਸੰਗੀਤ ਦੇ ਮੁਖੀ ਬਣ ਗਏ ਅਤੇ ਡਾ. ਐਸ. ਪੀ. ਸਿੰਘ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਨਿਯੁਕਤ ਹੋ ਗਏ। ਇਸ ਸਮੇਂ ਪ੍ਰੋ. ਜਗਜੀਤ ਨੇ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਕੋਲੋਂ ਸੰਗੀਤ ਦੀ ਤਾਲੀਮ ਲੈਣੀ ਸ਼ੁਰੂ ਕੀਤੀ। ਅਸੀਂ ਦੋਨਾਂ ਨੇ ਪ੍ਰੋ. ਤਾਰਾ ਸਿੰਘ ਜੀ ਦੀ ਗੁਰਮਤਿ ਸੰਗੀਤ ਸਬੰਧੀ ਕਿਰਿਆਤਮਕ ਵਿੱਦਿਆ  ਨੂੰ ਕਈ ਸੰਗੀਤ ਪ੍ਰੋਗਰਾਮਾਂ ਵਿੱਚ ਪ੍ਰਸਤੁਤ ਕੀਤਾ। 1985 ਵਿੱਚ ਪਹਿਲੀ ਵਾਰ ਪ੍ਰੋ. ਤਾਰਾ ਸਿੰਘ ਜੀ ਦਾ ਗੁਰਮਤਿ ਸੰਗੀਤ ਵਿਸ਼ੇ ਉੱਤੇ ਵਿਸ਼ੇਸ਼ ਲੈਕਚਰ ਪੰਜਾਬ ਯੂਨੀਵਰਸਿਟੀ ਵਿਖੇ ਹੋਇਆ। ਇਸ ਸੈਮੀਨਾਰ ਵਿੱਚ ਸਾਨੂੰ ਦੋਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਨੂੰ ਗਾਇਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਗੁਰਮਤਿ ਸੰਗੀਤ ਦੀ ਵਿਲੱਖਣਤਾ ਨੂੰ ਅਕਾਦਮਿਕ ਪੱਧਰ ਉੱਤੇ ਦਰਸਾਉਂਣ ਅਤੇ ਪ੍ਰਗਟ ਕਰਨ ਵਾਲਾ ਪਹਿਲਾ ਵਿਸ਼ੇਸ਼ ਸੈਮੀਨਾਰ ਸੀ ਜੋ ਡਾਕਟਰ ਦਰਸ਼ਨ ਸਿੰਘ ਜੀ ਨੇ ਗੁਰੂ ਨਾਨਕ ਸਿੱਖ ਸਟੱਡੀਜ਼ ਵੱਲੋਂ ਆਯੋਜਿਤ ਕੀਤਾ ਸੀ। ਇਸ ਸੈਮੀਨਾਰ ਦੇ ਸੂਤਰਧਾਰ ਡਾ. ਐਸ. ਪੀ. ਸਿੰਘ ਸਨ। ਪੰਜਾਬ ਤੇ ਸੰਗੀਤ ਦੇ ਸਰੋਤਿਆਂ ਵੱਲੋਂ ਇਸ ਸੈਮੀਨਾਰ ਵਿੱਚ ਸਾਡੇ 31 ਰਾਗਾਂ ਦੇ ਗਾਇਨ ਨੂੰ ਭਰਪੂਰ ਪ੍ਰਸੰਸਾ ਮਿਲੀ।

ਪ੍ਰੋ.  ਜਗਜੀਤ ਸ਼ਾਸਤਰੀ ਗਾਇਨ ਤੇ ਸ਼ਬਦ ਗਾਇਨ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਸਨ। ਆਪਣੇ ਅਧਿਆਪਨ ਕਾਲ ਦੌਰਾਨ ਇਹਨਾਂ ਵਿਧਾਵਾਂ ਵਿੱਚ ਉਨ੍ਹਾਂ ਆਪਣੇ ਵਿਦਿਆਰਥੀਆਂ ਨੂੰ ਖੂਬ ਸਿਖਾਇਆ। ਆਪ ਦੇ ਸਿਖਾਏ ਵਿਦਿਆਰਥੀਆਂ ਨੇ ਆਲ ਇੰਡੀਆ ਇੰਟਰ ਵਰਸਿਟੀ ਤਕ ਕਈ ਪੁਰਸਕਾਰ ਪ੍ਰਾਪਤ ਕੀਤੇ। ਆਪ ਆਲ ਇੰਡੀਆ ਰੇਡੀਓ ਦੇ ਪ੍ਰਵਾਣਿਤ ਗਾਇਕ ਸਨ। ਗੁਰਬਾਣੀ ਵਿਚਾਰ ਪ੍ਰੋਗਰਾਮ ਵਿੱਚ ਆਪ ਦੇ ਸ਼ਬਦ ਅਕਸਰ ਸਰੋਤਿਆਂ ਦੀ ਪ੍ਰਸੰਸਾਂ ਦਾ ਹਿੱਸਾ ਬਣਦੇ ਰਹੇ। ਪ੍ਰੋ. ਜਗਜੀਤ ਕੌਰ ਨੇ ਅੰਮ੍ਰਿਤਸਰ ਵਿਖੇ ਡਾਕਟਰ ਐਸ. ਪੀ. ਸਿੰਘ ਹੁਰਾਂ ਨਾਲ ਅਕਾਦਮਿਕ ਖੇਤਰ ਵਿੱਚ ਵਿਚਰਦਿਆਂ ਵਿਸ਼ੇਸ਼ ਸਰਗਰਮੀਆਂ ਵਿੱਚ ਖੂਬ ਹਿੱਸਾ ਲਿਆ। ਆਪ ਨੇ ਕਈ ਵਿਦੇਸ਼ੀ ਦੌਰੇ ਕੀਤੇ ਅਤੇ ਕਈ ਸੰਗੀਤ ਪ੍ਰੋਗਰਾਮਾਂ ਵਿੱਚ ਗਾਇਨ ਕੀਤਾ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 1993 ਵਿੱਚ ਗੁਰਮਤਿ ਸੰਗੀਤ ਵਿਸ਼ੇ ਨੂੰ ਲਾਗੂ ਕਰਨ ਹਿਤ ਗੁਰਮਤਿ ਸੰਗੀਤ ਦੇ ਪਾਠ ਕ੍ਰਮ ਤਿਆਰ ਕਰਵਾਉਣ ਵਿੱਚ ਆਪ ਦੀ ਵਿਸ਼ੇਸ਼ ਭੂਮਿਕਾ ਰਹੀ। ਆਪ ਗੁਰਮਤਿ ਸੰਗੀਤ ਸੰਦਰਭ ਕੋਸ਼ ਦੀ ਸਹਿ ਸੰਪਾਦਕ ਵੀ ਸਨ ਅਤੇ ਇਸ ਤੋਂ ਇਲਾਵਾ ਸੰਗੀਤ ਸਬੰਧੀ ਕਈ ਰਚਨਾਵਾਂ, ਵੱਖ-ਵੱਖ ਪੁਸਤਕਾਂ, ਖੋਜ ਪੱਤਰਕਾਵਾਂ ਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੋਈਆਂ ।

ਪ੍ਰੋ.  ਜਗਜੀਤ ਆਪਣੇ ਪਰਿਵਾਰ ਤੇ ਡਾ. ਐਸ. ਪੀ. ਸਿੰਘ ਨੂੰ ਪੂਰਨ ਰੂਪ ਵਿੱਚ ਸਮਰਪਿਤ ਸ਼ਖਸੀਅਤ ਸਨ। ਉਨ੍ਹਾਂ ਆਪਣੀ ਬੇਟੀ ਸ਼ਿਵਾਨੀ ਤੇ ਸਵਰਪ੍ਰੀਤ ਸਿੰਘ (ਅੰਕੁਰ) ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਸੂਖਮ ਕਲਾਵਾਂ ਨਾਲ ਵੀ ਜੋੜਿਆ। ਆਪ ਜੀਵਨ ਦੇ ਆਖਰੀ ਸਵਾਸਾਂ ਤੱਕ ਪਰਿਵਾਰ ਦੀ ਪੂਰਨ ਸੇਵਾ ਨੂੰ ਸਮਰਪਿਤ ਰਹੇ। ਇਸ ਦੇ ਨਾਲ ਉਨਾਂ ਦੇ ਜੀਵਨ ਦਾ ਇੱਕ ਹੋਰ ਵਿਸ਼ੇਸ਼ ਪਹਿਲੂ ਗੁਰਬਾਣੀ ਤੇ ਸੰਗੀਤ ਨਾਲ ਅੰਤਾਂ ਦਾ ਪਿਆਰ ਸੀ। ਸ਼ਬਦ ਕੀਰਤਨ ਦਾ ਕੋਈ ਵੀ ਅਵਸਰ ਆਪ ਕਦੇ ਵਿਅਰਥ ਨਹੀਂ ਸੀ ਜਾਣ ਦਿੰਦੇ। ਪਿਛਲੇ ਕੁਝ ਸਮੇਂ ਤੋਂ ਆਪ ਜ਼ੂਮ (Zoom) ਦੇ ਜਰੀਏ ਸ਼ਬਦ ਵਿਚਾਰ ਤੇ ਸ਼ਬਦ ਕੀਰਤਨ ਦੀ ਸੇਵਾ ਵੀ ਕਰਦੇ ਸਨ। ਇਸ ਆਨ-ਲਾਇਨ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਸਰੋਤੇ ਤੇ ਸਤਸੰਗੀ ਸ਼ਾਮਿਲ ਹੁੰਦੇ ਸਨ। ਮਿਤੀ 20 ਮਈ 2025 ਨੂੰ ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਜਿੱਥੇ ਸਮੂਹ ਵਿਸ਼ਵ ਭਰ ਤੋਂ ਸ਼ਖ਼ਸੀਅਤਾਂ, ਸਾਕ ਸਨਬੰਧੀ ਸ਼ਰਧਾਂਜਲੀ ਦੇਣ ਲਈ ਪਹੁੰਚੇ ਉੱਥੇ ਉਹਨਾਂ ਨੂੰ ਇੱਕ ਵਿਸ਼ੇਸ਼ ਭਾਵਪੂਰਤ ਸਰਧਾਂਜਲੀ ਇਸ 'ਜ਼ੂਮ' ਸੰਗਤ ਵੱਲੋਂ ਵੀ ਦਿੱਤੀ ਗਈ ਜਿਸ ਦੀ ਇਬਾਰਤ ਪੜਨ ਯੋਗ ਹੈ "ਵਾਹਿਗੁਰੂ, ਗੁਰੂ ਰੂਪ ਸਾਧ ਸੰਗਤ ਜੀ ਆਪ ਜੀ ਦੇ ਚਰਣਾਂ  ਵਿੱਚ ਬੇਨਤੀ ਹੈ, ਆਪ ਇਜ਼ਾਜਤ ਦੇਣਾ ਜੀ ਗੁਰ ਨਾਨਕ ਦਰਬਾਰ ਗ੍ਰੀਨ ਪਾਰਕ ਦਿੱਲੀ ਦੀ ਸੰਗਤ ਆਪ ਜੀ ਦੇ ਨਾਲ ਅੰਤਿਮ ਅਰਦਾਸ ਵਿਚ ਸ਼ਾਮਿਲ ਹੋ ਸਕੇ। ਅਸੀਂ ਗੁਰੂ ਨਾਨਕ ਦਰਬਾਰ ਦੀਆ ਸਤਸੰਗਣਾਂ ਨਿਤ ਪ੍ਰਤਿ ਸਵੇਰੇ ਸਾਢੇ ਪੰਜ ਵਜੇ ਜ਼ੂਮ ਤੇ ਬੈਠ ਜਾਂਦੀਆਂ ਹਾਂ। ਥੋੜਾ ਪਾਠ, ਥੋੜਾ ਕੀਰਤਨ, ਥੋੜਾ ਵਿਚਾਰ ਕਰਦੀਆਂ ਹਾਂ ਤੇ ਫਿਰ ਅਰਦਾਸ ਕਰਦੀਆਂ ਹਾਂ "ਹੇ ਪ੍ਰਭੂ ਆਪਣਾ ਪ੍ਰੇਮ ਸਾਨੂੰ ਵੀ ਬਖਸ਼ ਦੇਹ।" ਜਗਜੀਤ ਜੀ ਬੜੇ ਪ੍ਰੇਮ ਨਾਲ, ਸਾਨੂੰ ਕੀਰਤਨ, ਸ਼ਬਦ, ਸਿਮਰਣ ਨਾਲ ਜੋੜਦੇ ਸਨ। ਹੁਣ ਸੰਗਤ ਦੇ ਮਨਾਂ ਵਿਚ ਉਤਸ਼ਾਹ ਪੈਦਾ ਹੋ ਗਿਆ ਹੈ ਸਭੇ ਆਖਣ ਲੱਗੀਆਂ "ਅਸੀਂ ਵੀ ਪ੍ਰਭੂ

ਦੀ ਕੀਰਤ ਗਾਉਣੀ ਹੈ, ਅਸੀਂ ਵੀ ਪ੍ਰਭੂ ਨਾਲ ਪ੍ਰੇਮ ਪਾਉਣਾ ਹੈ।" ਇੱਕ ਦਿਨ ਜਗਜੀਤ ਜੀ ਸੇਵਾ ਨਿਭਾਅ ਰਹੇ ਸਨ। ਬੜੀ ਇਕਾਗਰਤਾ ਨਾਲ ਇੱਕ ਭੈਣ ਨੂੰ ਸ਼ਬਦ ਦੀ ਇੱਕ ਪੰਕਤੀ ਗਾਇਨ ਕਰਨਾ ਸਿਖਾ ਰਹੇ ਸਨ। ਆਪ ਵਾਰ-ਵਾਰ ਗਾ ਰਹੇ ਸਨ ਤੇ ਸਿਖਣ ਵਾਲੀ ਸੰਤਸੰਗਣ ਦੁਹਰਾ ਰਹੇ ਸਨ ਕਿ ਅਚਾਨਕ ਹੀ ਸਿੱਖਣ ਵਾਲੀ ਸਤ ਸੰਗਣ ਦੇ ਕੰਠ ਵਿਚੋਂ ਮਨ ਨੂੰ ਛੂਹ ਜਾਣ ਵਾਲੀ ਆਵਾਜ਼ ਨਿਕਲੀ, ਦੇਖਣ ਸੁਨਣ ਵਾਲੇ ਹੈਰਾਨ ਹੋ ਗਏ, "ਏਹ ਤਾਂ ਕ੍ਰਿਸ਼ਮਾ ਹੀ ਹੋ ਗਿਆ, ਸਭ ਆਖਣ ਲਗੇ।" ਜਗਜੀਤ ਜੀ ਖੁਸ਼ੀ ਨਾਲ ਖਿਲ ਖਿਲ੍ਹਾ ਕੇ ਹੱਸ ਪਏ। ਚਿਹਰੇ 'ਤੇ ਲਾਲੀ ਛਾਅ ਗਈ। ਸ਼ਰਮੀਲੀ, ਨਿਮਾਣੀ, ਸ਼ੁਕਰ ਗੁਜ਼ਾਰ ਲਾਲੀ, ਚੇਹਰਾ ਖੁਸ਼ੀ ਤੇ ਚਾਓ ਨਾਲ ਚਮਕਣ ਲੱਗਾ, ਜਿਵੇਂ ਕਹਿ ਰਹੇ ਹੋਣ "ਜੇ ਪ੍ਰਭੂ ਦਾ ਪ੍ਰੇਮ ਅਨੁਭਵ ਕਰਨਾ ਹੋਵੇ ਤਾਂ ਗੁਰੂ ਦੀ ਸੰਗਤ ਵਿੱਚ ਜਾ ਬੈਠ।" ਏਹ ਪ੍ਰੇਮ, ਏਹ ਚਾਓ ਉਥੇ ਉਛਾਲੇ ਮਾਰ ਰਿਹਾ, ਤੇਰੇ ਮਨ ਨੂੰ ਵੀ ਵਿੰਨ ਦੇਵੇਗਾ "ਹਰਿ ਪ੍ਰੇਮ ਬਾਣੀ ਮਨੁ ਮਾਰਿਆ "ਇਹੀ ਪ੍ਰੇਮ ਹੈ ਜਿਸ ਦੇ ਸਾਮ੍ਹਣੇ ਸੰਸਾਰ ਦੇ ਦੁੱਖ ਸੁੱਖ ਫਿੱਕੇ ਪੈ ਜਾਂਦੇ ਹਨ। ਜਗਜੀਤ ਜੀ ਵੀ ਸਾਰਾ ਦਿਨ ਸ਼ਬਦ ਗੁਣਗੁਣਾਉਂਦੇ ਰਹਿੰਦੇ। ਪ੍ਰੇਮ ਨਾਲ, ਨਿਮਰ ਬੋਲ ਬੋਲਦੇ, ਦੁੱਖ ਸੁੱਖ ਦੀ ਸਾਂਝ ਪਾਉਂਦੇ। ਆਪ ਸਦਾ ਮਦਦ ਕਰਨ ਲਈ ਤਿਆਰ ਰਹਿੰਦੇ। ਸਹਿਜੇ ਸਹਿਜੇ ਇਵੇਂ ਜਾਪਦਾ, ਉਨ੍ਹਾਂ ਦਾ ਮਨ ਵੀ ਰੰਗਿਆ ਗਿਆ, ਬਾਣੀ ਦੇ ਰੰਗ ਵਿੱਚ, ਪ੍ਰਭੂ ਦੇ ਰੰਗ ਵਿੱਚ, "ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥" ਸਾਡੀ ਏਹੀ ਅਰਦਾਸ ਹੈ ਗੁਰੂ ਨਾਨਕ ਉਨ੍ਹਾਂ ਨੂੰ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ:

-ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥

-ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥"

ਨਿਰਸੰਦੇਹ ਪ੍ਰੋ. ਜਗਜੀਤ ਸ਼ਬਦ ਤੇ ਸੰਗੀਤ ਦੁਆਰਾ ਆਪ ਵੀ ਉਸ ਅਕਾਲ ਪੁਰਖ ਦੇ ਪ੍ਰੇਮ ਵਿੱਚ ਰੰਗੇ ਗਏ ਅਤੇ ਆਪਣੇ ਸਹਿਯੋਗੀਆਂ ਨੂੰ ਵੀ ਇਸ ਰੂਹਾਨੀ ਰੰਗ ਵਿੱਚ ਰੰਗ ਦਿੱਤਾ। ਇਹ ਸ਼ਕਤੀ ਉਨ੍ਹਾਂ ਦੀ ਜੀਵਨ ਸ਼ਕਤੀ ਬਣੀ। ਕੀਰਤਨ ਦੀ ਇਸੇ ਸ਼ਕਤੀ ਨਾਲ ਉਨ੍ਹਾਂ ਆਪਣੇ ਆਪ ਨੂੰ ਆਪਣੇ ਅੰਤਲੇ ਸਮੇਂ ਸੰਖੇਪ ਰੂਪ ਵਿੱਚ ਸਮੇਟ ਦਿੱਤਾ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥

ਡੀਨ, ਪ੍ਰੋਫੈਸਰ ਤੇ ਮੁਖੀ (ਰਿਟਾ.) ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਡਾ. ਗੁਰਨਾਮ ਸਿੰਘ ਦਾ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਵਿਵਹਾਰਕ ਪੱਖ ਦੇ ਸੰਦਰਭ ਵਿਚ ਯੋਗਦਾਨ

**ਮਨਦੀਪ ਸਿੰਘ**

ਗੁਰਮਤਿ ਸੰਗੀਤ ਭਾਰਤੀ ਸ਼ਾਸਤਰੀ ਸੰਗੀਤ ਦੀ ਅਧਿਆਤਮਕ ਗਾਇਨ ਵਿਧਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਵਿਚ ਭਗਤੀ ਲਹਿਰ ਸੰਗੀਤ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਚੁੱਕੀ ਸੀ। ਇਸ ਲਹਿਰ ਵਿਚ ਬਾਬਾ ਫਰੀਦ ਜੀ, ਕਬੀਰ ਜੀ, ਭਗਤ ਜੈ ਦੇਵ ਜੀ, ਨਾਮ ਦੇਵ ਜੀ ਅਤੇ ਭਗਤ ਰਵੀਦਾਸ ਆਦਿ ਭਗਤਾਂ ਨੇ ਆਪਣੀਆਂ ਰਚਨਾਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਸੰਗੀਤ ਨੂੰ ਮਾਧਿਅਮ ਬਣਾਇਆ। ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਦਾ ਸੰਦੇਸ਼ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਲਈ ਸ਼ਾਸਤਰੀ ਸੰਗੀਤ ਪਰੰਪਰਾ ਅਤੇ ਭਗਤੀ ਸੰਗੀਤ ਪਰੰਪਰਾ ਦੇ ਸੁਮੇਲ ਨਾਲ ਇਕ ਨਵੀਂ ਪਰੰਪਰਾ ਆਰੰਭ ਕੀਤੀ ਜਿਸ ਵਿਚ ਸ਼ਬਦ ਅਤੇ ਸੰਗੀਤ ਦਾ ਅਨੂਠਾ ਸੁਮੇਲ ਕੀਤਾ। ਗੁਰ ਸ਼ਬਦ ਕੀਰਤਨ ਦੀ ਇਹ ਸਮੁੱਚੀ ਪਰੰਪਰਾ 'ਗੁਰਮਤਿ ਸੰਗੀਤ' ਦੇ ਰੂਪ ਵਿਚ ਵਿਕਸਿਤ ਹੋਈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੋ ਕਿ ਸਿੱਖਾਂ ਦੇ ਵਰਤਮਾਨ ਗੁਰੂ ਹਨ, ਵਿਚ ਸਮੂਹ ਗੁਰੂ ਸਾਹਿਬਾਨ, ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਸਿੱਖ ਧਰਮ ਦੇ ਫਲਸਫੇ ਦਾ ਮੂਲ ਸੋਮਾ ਮੰਨਿਆ ਜਾਂਦਾ ਹੈ। ਜਿਸਨੂੰ ਸੰਚਾਰਿਤ ਕਰਨ ਲਈ ਗੁਰੂ ਸਾਹਿਬਾਨ ਦੁਆਰਾ ਸੰਗੀਤ ਨੂੰ ਮਾਧਿਅਮ ਬਣਾਇਆ ਗਿਆ।

ਗੁਰਮਤਿ ਸੰਗੀਤ ਪਰੰਪਰਾ ਨੂੰ ਪੀੜ੍ਹੀ ਦਰ ਪੀੜ੍ਹੀ ਵਿਕਸਿਤ ਕਰਨ ਲਈ ਗੁਰਮਤਿ ਸੰਗੀਤ ਦੇ ਸਿਧਾਂਤਾ ਨੂੰ ਲਿਖਤੀ ਰੂਪ ਦਿੱਤਾ ਗਿਆ ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਸੰਤ ਸਰਵਣ ਸਿੰਘ ਗੰਧਰਵ, ਪ੍ਰੋ. ਤਾਰਾ ਸਿੰਘ, ਗਿਆਨੀ ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰਿੰਸੀਪਲ ਦਿਆਲ ਸਿੰਘ ਅਤੇ ਇਨ੍ਹਾਂ ਤੋਂ ਬਾਅਦ ਪ੍ਰੋ. ਕਰਤਾਰ ਸਿੰਘ, ਡਾ. ਜਾਗੀਰ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ ਆਦਿ ਸਖ਼ਸ਼ੀਅਤਾਂ ਨੇ ਪ੍ਰਮੁੱਖ ਯੋਗਦਾਨ ਪਾਇਆ ਹੈ। ਅਜਿਹੀ ਹੀ ਸਖ਼ਸ਼ੀਅਤ ਦੇ ਧਾਰਣੀ ਹਨ : ਡਾ. ਗੁਰਨਾਮ ਸਿੰਘ ਜੋ ਕਿ ਇੱਕ ਕੀਰਤਨੀਏ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਉਹਨਾਂ ਦੇ ਪਿਤਾ ਭਾਈ ਉੱਤਮ ਸਿੰਘ ਪਤੰਗ ਆਪਣੇ ਸਮੇਂ ਦੇ ਸਿਰਮੌਰ ਕੀਰਤਨੀਏ ਹੋਏ ਹਨ। ਆਪ ਦੇ ਦੋਵੇਂ ਵੱਡੇ ਭਰਾ ਡਾ. ਜਾਗੀਰ ਸਿੰਘ ਅਤੇ ਡਾ. ਬਚਿੱਤਰ ਸਿੰਘ ਸੁਰੀਲਾ ਗੁਰਬਾਣੀ ਕੀਰਤਨ ਕਰਦੇ ਹਨ। ਸੰਨ 1977 ਤੋਂ 1988 ਤੱਕ ਡਾ. ਗੁਰਨਾਮ ਸਿੰਘ ਨੇ ਸੰਗੀਤ ਦੇ ਮਹਾਨ ਵਿਦਵਾਨ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਤੋਂ ਗੁਰਮਤਿ ਸੰਗੀਤ ਦਾ ਬਹੁਪੱਖੀ ਗਿਆਨ ਹਾਸਿਲ ਕੀਤਾ। ਪ੍ਰੋ. ਤਾਰਾ ਸਿੰਘ ਨੇ ਡਾ. ਗੁਰਨਾਮ ਸਿੰਘ ਨੂੰ ਗੁਰਮਤਿ ਸੰਗੀਤ ਦਾ ਡੂੰਘਾਈ ਨਾਲ ਅਧਿਐਨ ਕਰਨ ਅਤੇ ਗੁਰਮਤਿ ਸੰਗੀਤ ਨੂੰ ਸਥਾਪਤ ਕਰਨ ਦੇ ਕਾਰਜ ਵੱਲ ਪ੍ਰੇਰਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਡਾ. ਗੁਰਨਾਮ ਸਿੰਘ ਆਪਣੇ ਗੁਰੂ ਪਾਸੋਂ ਗ੍ਰਹਿਣ ਕੀਤੀ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਾਰ-ਪ੍ਰਸਾਰ ਵਿਚ ਵਰਤਮਾਨ ਸਮੇਂ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

**ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਵਿਵਹਾਰਕ ਪੱਖ ਨਾਲ ਸੰਬੰਧਿਤ ਪੁਸਤਕਾਂ :**

ਗੁਰਮਤਿ ਸੰਗੀਤ ਦੀ ਪ੍ਰਾਚੀਨ ਇਤਿਹਾਸਕ ਪਰੰਪਰਾ ਨੂੰ ਕਾਇਮ ਰੱਖਦਿਆਂ ਹੋਇਆ ਡਾ. ਗੁਰਨਾਮ ਸਿੰਘ ਨੇ ਇਸ ਵਿਸ਼ੇ ਤੇ ਕਈ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਹਨ। ਇਨ੍ਹਾਂ ਪੁਸਤਕਾਂ ਵਿਚ ਡਾ. ਗੁਰਨਾਮ ਸਿੰਘ ਦੁਆਰਾ ਜਿੱਥੇ ਗੁਰਮਤਿ ਸੰਗੀਤ ਦੇ ਸ਼ਾਸਤਰ ਪੱਖ ਨਾਲ ਸੰਬੰਧਤ ਪੁਸਤਕਾਂ ਦਾ ਲੇਖਨ ਕੀਤਾ ਗਿਆ ਉਥੇ ਨਾਲ ਹੀ ਗੁਰਮਤਿ ਸੰਗੀਤ ਦੇ ਗਾਇਨ ਪੱਖ ਨੂੰ ਧਿਆਨ ਵਿਚ ਰੱਖਦੇ ਹੋਏ ਰਾਗ ਬੱਧ ਬੰਦਿਸ਼ਾਂ, ਸਵਰ ਲਿਪੀ ਰਾਗ ਵਿਵਰਣ ਅਤੇ ਸੰਬੰਧਤ ਰਾਗ ਦਾ ਸੰਪੂਰਨ ਸ਼ਬਦ ਵੀ ਦਰਜ ਕਰਵਾਇਆ ਗਿਆ ਹੈ। ਇਨ੍ਹਾਂ ਪ੍ਰਕਾਸ਼ਨਾਵਾਂ ਵਿਚ ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਵਿਵਹਾਰਕ ਪੱਖ ਨਾਲ ਸੰਬੰਧਤ ਗੁਰਮਤਿ ਸੰਗੀਤ ਦੀ ਸ੍ਰੋਤ-ਸਮੱਗਰੀ ਉਪਲਬੱਧ ਕਰਵਾਈ ਗਈ ਹੈ।

**ਆਦਿ ਗ੍ਰੰਥ ਰਾਗ ਕੋਸ਼ :** ਇਸ ਪੁਸਤਕ ਦਾ ਪ੍ਰਕਾਸ਼ਨ 'ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ' ਪਟਿਆਲਾ ਦੁਆਰਾ ਸੰਨ 1983 ਵਿਚ ਹੋਇਆ। ਇਸ ਪੁਸਤਕ ਨੂੰ ਲਿਖਤੀ ਰੂਪ ਦੇਣ ਲਈ ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ ਪੱਧਤੀ ਦਾ ਭਾਰਤੀ ਸੰਗੀਤ ਦੇ ਪਰਿਪੇਖ ਵਿਚ ਸੁਤੰਤਰ, ਵਿਲੱਖਣ ਅਤੇ ਮੌਲਿਕ ਸੰਗੀਤ ਪੱਧਤੀ ਵਜੋਂ ਅਧਿਐਨ ਕੀਤਾ ਗਿਆ। ਉਹਨਾਂ ਦੁਆਰਾ ਗੁਰਮਤਿ ਸੰਗੀਤ ਸੰਬੰਧੀ ਵਿਧੀਵੱਤ ਤੇ ਵਿਗਿਆਨਕ ਜਾਣਕਾਰੀ ਲਈ ਇਕ ਸੰਦਰਭ ਗ੍ਰੰਥ ਦੇ ਰੂਪ ਵਿਚ ਪੁਸਤਕ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਆਦਿ ਗ੍ਰੰਥ ਦੇ 31 ਰਾਗਾਂ ਨੂੰ ਪਰੰਪਰਾਗਤ ਢੰਗ ਨਾਲ ਵਾਚਦੇ ਹੋਏ, ਇਨ੍ਹਾਂ 31 ਰਾਗਾਂ ਦੇ ਅਧੀਨ ਹੋਰ 29 ਰਾਗਾਂ ਦੇ ਸੁਤੰਤਰ-ਸਰੂਪਾਂ ਸੰਬੰਧੀ ਚਰਚਾ ਕੀਤੀ ਗਈ ਹੈ ਅਤੇ ਸ਼ਾਸਤਰੀ ਸੰਗੀਤ ਦੇ ਸਿਧਾਂਤਕ ਪਿਛੋਕੜ ਨੂੰ ਸਾਹਮਣੇ ਰੱਖਦੇ ਹੋਏ ਉਪਰੋਕਤ ਕੁੱਲ 60 ਰਾਗਾਂ ਦੇ ਸਰੂਪਾਂ ਦੇ ਵਿਵਰਣ ਤੋਂ ਜਾਣੂ ਕਰਵਾਇਆ ਗਿਆ ਹੈ। ਮਾਰਗੀ ਅਤੇ ਦੇਸੀ ਸੰਗੀਤ, ਉੱਤਰ ਭਾਰਤੀ ਅਤੇ ਦੱਖਣ ਭਾਰਤੀ ਸੰਗੀਤ, ਰਾਗ ਵਿਵਰਣ, ਘਰੁ, ਰਹਾਓ, ਅੰਕ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗਾਇਨ ਸ਼ੈਲੀਆਂ ਜਿਵੇਂ : ਲੋਕ-ਸੰਗੀਤ, ਸ਼ਾਸਤਰੀ ਸੰਗੀਤ, ਪੜਤਾਲ ਗਾਇਕੀ, ਗੁਰੂ ਸਾਹਿਬਾਨ ਦੇ ਜੀਵਨ ਵਿਚ ਸੰਗੀਤ, ਕੀਰਤਨ ਪਰੰਪਰਾ, ਗੁਰੂ ਸਾਹਿਬਾਨ ਦੇ ਕਾਲ ਵਿਚ ਪ੍ਰਮੁੱਖ ਕੀਰਤਨ ਕੇਂਦਰ, ਸੰਗੀਤ ਸਾਜ਼ ਅਤੇ ਸੰਗੀਤਕ ਸ਼ਬਦਾਵਲੀ ਸੰਬੰਧੀ ਜਾਣਕਾਰੀ ਦੇਣ ਦਾ ਯਤਨ ਪੁਸਤਕ ਵਿਚ ਕੀਤਾ ਗਿਆ ਹੈ। ਡਾ. ਗੁਰਨਾਮ ਸਿੰਘ ਦੁਆਰਾ ਇਸ ਪੁਸਤਕ ਵਿਚ ਸ੍ਰੀ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਦੇ ਥਾਟ, ਅਰੋਹ-ਅਵਰੋਹ, ਵਾਦੀ-ਸੰਵਾਦੀ, ਗਾਇਨ ਸਮਾਂ, ਰਾਗ ਦਾ ਮੁੱਖ ਅੰਗ ਅਤੇ ਹਰੇਕ ਰਾਗ ਵਿੱਚ ਕਿਹੜੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ, ਬਾਰੇ ਜਾਣੂ ਕਰਵਾਇਆ ਗਿਆ ਹੈ।

**ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ :** ਇਹ ਪੁਸਤਕ ਸੰਨ 2000 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਪ੍ਰਕਾਸ਼ਿਤ ਕਰਵਾਈ ਗਈ। ਇਸ ਪੁਸਤਕ ਵਿਚ ਗੁਰਮਤਿ ਸੰਗੀਤ ਦੇ ਸਿਧਾਂਤਕ, ਇਤਿਹਾਸਿਕ ਤੇ ਵਿਵਹਾਰਕ ਪਰਿਪੇਖਾਂ ਨੂੰ ਇਸ ਦੇ ਰਾਗ ਪ੍ਰਬੰਧ, ਗਾਇਨ ਰੂਪ ਅਤੇ ਅਧਿਐਨ ਕਾਰਜਾਂ ਦੇ ਸੰਦਰਭ ਵਿਚ ਵਿਸ਼ਲੇਸ਼ਨ ਕਰਦਿਆਂ ਨਿਵੇਕਲਾ ਖੋਜ ਕਾਰਜ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਪੁਸਤਕ ਦੇ ਵਿਸ਼ੇ ਨੂੰ 10 ਅਧਿਆਇ ਵਿਚ ਵਿਭਾਜਤ ਕੀਤਾ ਗਿਆ ਹੈ ਜੋ ਸਿਧਾਂਤਕ, ਵਿਵਹਾਰਕ, ਇਤਿਹਾਸਕ ਦ੍ਰਿਸ਼ਟੀਕੋਣ ਦੇ ਧਾਰਣੀ ਹਨ। ਸਿਧਾਂਤਕ ਅਧਾਰਾਂ ਦਾ ਵਿਸ਼ਲੇਸ਼ਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਿਧਾਨ ਦੀ ਸੰਚਾਰ ਪ੍ਰਕਿਰਿਆ ਵਜੋਂ ਕੀਤਾ ਗਿਆ ਹੈ। ਡਾ. ਗੁਰਨਾਮ ਸਿੰਘ ਦੁਆਰਾ ਸਿਧਾਂਤਕ ਅਧਾਰਾਂ ਤੇ ਉਸਰੀ ਗੁਰਮਤਿ ਸੰਗੀਤ ਪਰੰਪਰਾ ਨੂੰ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਪ੍ਰਸੰਗ ਵਿਚ ਤੁਲਨਾਤਮਕ ਦ੍ਰਿਸ਼ਟੀ ਤੋਂ ਨਿਖੇੜਦਿਆਂ ਸੁਤੰਤਰ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪਰਬੰਧ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕਰਦਿਆਂ ਮੁਖ ਰਾਗਾਂ ਅਤੇ ਰਾਗ-ਪ੍ਰਕਾਰਾਂ ਨੂੰ ਰਾਗ ਪਰੰਪਰਾ ਦੇ ਗੁਣਾਂ-ਲੱਛਣਾ ਤੇ ਪ੍ਰਕਿਰਤੀ ਦੇ ਸੰਦਰਭ ਵਿਚ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਪੁਸਤਕ ਵਿਚ ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਦੀਆਂ ਵਿਭਿੰਨ ਧਾਰਾਵਾਂ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹੋਏ ਕੀਰਤਨ ਚੌਕੀਆਂ ਅਤੇ ਸਿੱਖੀ ਜੀਵਨ ਦੀਆਂ ਰਹੁਰੀਤਾਂ ਨਾਲ ਸਬੰਧਿਤ ਕੀਰਤਨ ਪਰੰਪਰਾ ਦਾ ਵਰਨਣ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੇ ਇਤਿਹਾਸਕ ਪਰਿਪੇਖ ਦਾ ਵਰਨਣ ਕਰਦਿਆਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਇਸ ਪਰੰਪਰਾ ਦੀ ਸਥਾਪਤੀ ਸਬੰਧੀ ਵਿਚਾਰ ਪ੍ਰਗਟਾਉਦਿਆਂ ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰਾਂ, ਗੁਰਮਤਿ ਸੰਗੀਤ ਸੇਵੀਆਂ, ਗੁਰਮਤਿ ਸਿਖਲਾਈ ਕੇਂਦਰਾਂ ਅਤੇ ਟਕਸਾਲਾਂ ਸੰਬੰਧੀ ਅਧਿਐਨ ਨੂੰ ਇਤਿਹਾਸਕ ਵਿਕਾਸ ਦੇ ਸੰਦਰਭ ਵਿਚ ਵਾਚਣ ਦਾ ਯਤਨ ਕੀਤਾ ਗਿਆ ਹੈ। "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤੀ ਸ਼ਾਸਤਰੀ ਸੰਗੀਤ ਅਤੇ ਭਾਰਤੀ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਜਿਵੇਂ ਧਰੁਪਦ, ਖਿਆਲ, ਦਾਦਰਾ ਅਤੇ ਸ਼ਾਸਤਰੀ ਅੰਗ ਦੇ ਗਾਇਨ ਰੂਪ ਜਿਵੇਂ ਅਸ਼ਟਪਦ, ਧਰੁਪਦ, ਪੜਤਾਲ ਅਤੇ ਪਦ ਗਾਇਨ ਵਿਚ ਚੌਪਦੇ, ਪੰਚਪਦੇ ਆਦਿ ਦਾ ਵਰਨਣ ਪੁਸਤਕ ਵਿਚ ਕੀਤਾ ਗਿਆ ਹੈ। ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼ ਰਬਾਬ, ਸਰੰਦਾ, ਤਾਊਸ, ਦਿਲਰੁਬਾ, ਮ੍ਰਿਦੰਗ, ਜੋੜੀ, ਢੱਡ ਅਤੇ ਸਾਰੰਗੀ ਆਦਿ ਦਾ ਵਰਨਣ ਕਰਦੇ ਹੋਏ ਇਨ੍ਹਾ ਦੀ ਉਤਪੱਤੀ, ਹੋਂਦ, ਬਣਤਰ, ਵਿਕਾਸ ਅਤੇ ਪ੍ਰਯੋਗ ਵਿਧੀ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ ਹੈ।

**ਗੁਰਮਤਿ ਸੰਗੀਤ : ਰਾਗ ਰਤਨਾਵਲੀ :** ਇਹ ਪੁਸਤਕ ਸ਼ਬਦ ਨਿਧੀ ਪ੍ਰਕਾਸ਼ਨ ਨਵੀਂ ਦਿੱਲੀ ਦੁਆਰਾ ਸੰਨ 1997 ਵਿਚ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਡਾ. ਗੁਰਨਾਮ ਸਿੰਘ ਅਤੇ ਡਾ. ਯਸ਼ਪਾਲ ਸ਼ਰਮਾ ਦੁਆਰਾ ਲਿਖੀ ਗਈ ਹੈ। ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਵਿਸ਼ਲੇਸ਼ਣਾਤਮਕ ਅਧਿਐਨ ਬਾਰੇ ਚਰਚਾ ਕੀਤੀ ਗਈ ਹੈ। ਇਹ ਪੁਸਤਕ ਹਿੰਦੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਮਹੱਤਵ ਬਾਰੇ ਚਰਚਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਸੰਗੀਤਾਤਮਕ ਅਧਾਰ ਤੇ ਉਦੇਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਤੋਂ ਜਾਣੂ ਕਰਵਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਬਾਰੇ ਚਰਚਾ ਕਰਦੇ ਹੋਏ ਰਾਗ ਸਰੂਪਾਂ ਦੀ ਸਰੋਤ ਸਮੱਗਰੀ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਿਤ ਕੀਤਾ ਗਿਆ ਹੈ। ਪੁਸਤਕ ਵਿੱਚ ਨਿਰਧਾਰਿਤ 60 ਰਾਗਾਂ ਵਿਚ ਇਕ-ਇਕ ਸ਼ਬਦ ਸੁਰਲਿਪੀ ਬੱਧ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਰਾਗਾਂ ਦਾ ਸਿਧਾਂਤਕ ਵਿਵੇਚਨ ਕਰਦੇ ਹੋਏ ਬਾਣੀ ਵਿਚ ਦਰਜ ਰਾਗ ਅਤੇ ਰਾਗ ਪ੍ਰਕਾਰਾਂ ਦੀ ਸੰਪੂਰਣ ਜਾਣਕਾਰੀ ਮੁਹੱਈਆ ਕਰਵਾਉਣ ਦਾ ਯਤਨ ਪੁਸਤਕ ਵਿਚ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ-ਰਤਨਾਕਰ :** ਇਹ ਪੁਸਤਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਸੰਨ 2000 ਵਿਚ ਪ੍ਰਕਾਸ਼ਿਤ ਕਰਵਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨਾਂ ਦੀ ਬਾਣੀ ਤੋਂ ਇਲਾਵਾ ਪੂਰਵ ਕਾਲੀਨ ਅਤੇ ਸਮਕਾਲੀਨ ਸੰਤਾਂ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ ਅਤੇ ਇਸ ਬਾਣੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਵਿਸ਼ੇਸ਼ ਵਿਧਾਨ ਦਾ ਅਨੁਸਾਰੀ ਬਣਾਇਆ ਗਿਆ ਹੈ ਜੋ ਰਾਗਾਂ ਅਨੁਸਾਰ ਬਾਣੀ ਦੇ ਵਰਗੀਕਰਣ ਤੋਂ ਪ੍ਰਤੱਖ ਹੈ। ਇਸ ਪੁਸਤਕ ਵਿਚ ਡਾ. ਗੁਰਨਾਮ ਸਿੰਘ ਸਿਰਲੇਖਾ ਦੀ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ ਕਿ, "ਰਾਗਾਂ ਤੋਂ ਇਲਾਵਾ ਮਹਲਾ, ਅਸ਼ਟਪਦੀਆਂ, ਚਉਪਦੇ, ਛੰਤ, ਵਾਰ, ਅਲਾਹੁਣੀਆ, ਘੋੜੀਆਂ ਅਤੇ ਘਰੁ ਆਦਿ ਸਿਰਲੇਖ ਅਤੇ ਰਹਾਉ, ਅੰਕ, ਜਤਿ, ਧੁਨੀ ਵਰਗੇ ਸੰਕੇਤ ਗੁਰ ਸ਼ਬਦ ਕੀਰਤਨ ਲਈ ਸਾਡਾ ਮਾਰਗ ਦਰਸ਼ਨ ਕਰਦੇ ਹਨ। ਇਨ੍ਹਾਂ ਸਿਰਲੇਖਾਂ ਅਤੇ ਸੰਕੇਤਾਂ ਦੇ ਆਪਣੇ ਮੂਲ ਗੁਣ ਅਤੇ ਕਾਰਜ ਵਿਧੀ ਹੈ ਅਤੇ ਇਹ ਵੱਖੋਂ-ਵੱਖਰੇ ਸੁਤੰਤਰ ਤੌਰ ਤੇ ਕਾਰਜ ਨਹੀਂ ਕਰਦੇ ਬਲਕਿ ਸ਼ਬਦ ਕੀਰਤਨ ਵਿਚ ਸਾਂਝੇ ਤੌਰ ਤੇ ਕਾਰਜਸ਼ੀਲ ਰਹਿੰਦੇ ਹਨ। ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਧਰੁਪਦ, ਅਸ਼ਟਪਦੀ, ਪਦੇ, ਪੜਤਾਲ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਵਾਰ, ਛੰਤ, ਘੋੜੀਆਂ ਆਦਿ ਦੇ ਗਾਇਨ ਦੇ ਵਿਸ਼ੇਸ਼ ਮਹੱਤਵ ਬਾਰੇ ਚਾਨਣਾ ਪਾਇਆ ਗਿਆ ਹੈ ਅਤੇ ਗੁਰਮਤਿ ਸੰਗੀਤ ਦੀ ਕਾਰਜ ਵਿਧੀ ਬਾਰੇ ਵਿਸਥਾਰ ਨਾਲ ਸਮਝਾਉਣ ਦਾ ਉਪਰਾਲਾ ਕੀਤਾ ਗਿਆ ਹੈ। ਕੀਰਤਨਕਾਰਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਫੁਰਮਾਨਾਂ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਸਮੇਂ, ਤਿਉਹਾਰਾਂ, ਸਮਾਜਿਕ ਜੀਵਨ ਅਤੇ ਧਾਰਮਿਕ ਸਮਾਰੋਹਾਂ ਅਨੁਸਾਰ ਗੁਰ ਸ਼ਬਦ ਚੌਕੀਆਂ ਦੀ ਵੰਡ ਨੂੰ ਵਰਣਿਤ ਕੀਤਾ ਗਿਆ ਹੈ।

**ਸਿੱਖ ਸੈਕਰਡ ਮਿਊਜ਼ਿਕ :** ਇਸ ਪੁਸਤਕ ਦਾ ਪ੍ਰਕਾਸ਼ਨ ਸੰਨ 2008 ਵਿਚ ਗੁਰਮਤਿ ਪ੍ਰਕਾਸ਼ਨ ਪਟਿਆਲਾ ਦੁਆਰਾ ਕੀਤਾ ਗਿਆ। ਇਹ ਪੁਤਸਕ ਅੰਗਰੇਜ਼ੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਡਾ. ਗੁਰਨਾਮ ਸਿੰਘ ਦੁਆਰਾ ਪੁਸਤਕ ਵਿਚ ਸਿੱਖ ਧਰਮ ਦੇ ਇਤਿਹਾਸ ਤੇ ਵਿਕਾਸ ਅਤੇ ਗੁਰਮਤਿ ਸੰਗੀਤ ਦੀ ਉਤਪੱਤੀ ਅਤੇ ਵਿਕਾਸ ਬਾਰੇ ਚਾਨਣਾ ਪਾਇਆ ਗਿਆ ਹੈ। ਗੁਰੂ ਸਾਹਿਬਾਨਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਾਰ-ਪ੍ਰਸਾਰ ਵਿਚ ਪਾਏ ਮਹੱਤਵਪੂਰਨ ਯੋਗਦਾਨ ਤੋਂ ਜਾਣੂ ਕਰਵਾਉਂਦਿਆਂ ਉਹਨਾਂ ਦੇ ਸਮੇਂ ਤੋਂ ਸਥਾਪਿਤ ਕੇਂਦਰੀ ਕੀਰਤਨ ਸੰਸਥਾਨ ਅਤੇ ਟਕਸਾਲਾਂ ਦੀ ਸੰਪੂਰਨ ਜਾਣਕਾਰੀ ਮੁਹੱਈਆਂ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਪੁਸਤਕ ਵਿਚ ਗੁਰਮਤਿ ਸੰਗੀਤ ਦਾ ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਤੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ ਹੈ। ਸ਼ਬਦ ਕੀਰਤਨ ਚੌਂਕੀ ਪਰੰਪਰਾ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਗਿਆ ਹੈ ਕਿ ਸ਼ਬਦ ਕੀਰਤਨ ਚੌਂਕੀ ਸਿੱਖ ਧਰਮ ਵਿਚ ਸ਼ਬਦ ਕੀਰਤਨ ਪੇਸ਼ ਕਰਨ ਵਾਲੇ ਲਈ ਇਕ ਬੁਨਿਆਦੀ ਅਤੇ ਮਹੱਤਵਪੂਰਨ ਸੰਗੀਤਕ ਅਨੁਸ਼ਾਸਨ ਹੈ। ਸ਼ਾਨ, ਮੰਗਲਾਚਰਨ, ਧਰੁਪਦ ਅੰਗ ਵਿਚ ਸ਼ਬਦ, ਸ਼ਬਦ ਰੀਤ ਅਤੇ ਪਉੜੀ ਕੀਰਤਨ ਚੌਂਕੀ ਦੇ ਮੂਲ ਪੜਾਅ ਹਨ। ਪੁਸਤਕ ਵਿਚ ਗੁਰਮਤਿ ਸੰਗੀਤ ਵਿਚ

ਸ਼ਾਸਤਰੀ ਸੰਗੀਤ ਅਤੇ ਲੋਕ-ਸੰਗੀਤ ਦੀ ਅਹਿਮ ਭੂਮਿਕਾ ਨੂੰ ਸਮਝਾਉਂਦਿਆਂ ਗੁਰਮਤਿ ਸੰਗੀਤ ਵਿਚ ਪ੍ਰਯੁਕਤ ਗਾਇਨ ਸ਼ੈਲੀਆਂ ਦਾ ਵਰਨਣ ਕੀਤਾ ਗਿਆ ਹੈ। ਪੁਰਾਤਨ ਸਮੇਂ ਤੋਂ ਸ਼ਬਦ ਕੀਰਤਨ ਵਿਚ ਪ੍ਰਯੋਗ ਹੋਣ ਵਾਲੇ ਸਾਜ਼ ਜਿਵੇਂ ਰਬਾਬ, ਸਰੰਦਾ, ਤਾਊਸ ਆਦਿ ਦਾ ਵਰਗੀਕਰਨ ਕਰਦੇ ਹੋਏ ਇਨ੍ਹਾਂ ਦੀ ਪ੍ਰਯੋਗਵਿਧੀ ਤੋਂ ਜਾਣੂ ਕਰਵਾਇਆ ਗਿਆ ਹੈ।

**ਗੁਰ ਅਰਜਨ ਬਾਣੀ : ਰਾਗ ਰਤਨਾਕਰ :** ਇਸ ਪੁਸਤਕ ਦਾ ਪ੍ਰਕਾਸ਼ਨ ਸੰਨ 2012 ਵਿਚ ਗੁਰਮਤਿ ਪ੍ਰਕਾਸ਼ਨ, ਪਟਿਆਲਾ ਦੁਆਰਾ ਕਰਵਾਇਆ ਗਿਆ। ਇਸ ਪੁਸਤਕ ਵਿਚ ਡਾ. ਗੁਰਨਾਮ ਸਿੰਘ ਦੁਆਰਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 30 ਰਾਗਾਂ ਅਤੇ 16 ਰਾਗ ਪ੍ਰਕਾਰਾਂ ਕੁੱਲ 46 ਰਾਗਾਂ ਵਿਚ ਰਚਿਤ ਬਾਣੀ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਡਾ. ਗੁਰਨਾਮ ਸਿੰਘ ਲਿਖਦੇ ਹਨ ਕਿ ''ਭਾਰਤੀ ਸੰਗੀਤ ਦੇ ਸੰਦਰਭ ਵਿਚ ਗੁਰੂ ਅਰਜਨ ਕਾਲ ਦੀ ਪਿੱਠਭੂਮੀ ਉਤੇ ਸੰਗੀਤ ਇਤਿਹਾਸ ਦਾ ਸੁਨਹਿਰੀ ਯੁੱਗ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਵਿਚ ਅਧਿਆਤਮਕ ਸੰਗੀਤ ਦੇ ਸੰਤ ਭਗਤ ਕਵੀਆ ਦਾ ਭਗਤੀ ਸੰਗੀਤ, ਤਾਨਸੇਨ, ਬੈਜੂ-ਬਾਵਰਾ ਵਰਗੇ ਸੰਗੀਤਕਾਰਾਂ ਦਾ ਦਰਬਾਰੀ ਸੰਗੀਤ, ਸ਼ਾਹ ਹੁਸੈਨ ਵਰਗੇ ਸੂਫ਼ੀ ਦਰਵੇਸ਼ਾਂ ਦਾ ਸੂਫ਼ੀ ਸੰਗੀਤ ਅਤੇ ਪੰਜਾਬੀ ਲੋਕ ਸੰਗੀਤ ਦੀ ਇਕ ਵਿਸ਼ਾਲ ਪਰੰਪਰਾ ਵਿਦਮਾਨ ਹੈ। ਉਥੇ ਹੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਪਰੰਪਰਾ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸਥਾਪਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ। ਪੁਸਤਕ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਰਾਗਾਤਮਕ ਕੀਰਤਨ ਚੌਕੀਆਂ ਦਾ ਵਿਕਾਸ, ਕੀਰਤਨ ਦੀ ਪ੍ਰਧਾਨਤਾ, ਕੀਰਤਨ ਦੇ ਸੰਸਥਾਗਤ ਪ੍ਰਚਲਨ ਵਿਚ ਯੋਗਦਾਨ ਅਤੇ ਕੀਰਤਨ ਸਾਜ਼ਾਂ ਦੇ ਵਿਕਾਸ ਵਿਚ ਯੋਗਦਾਨ ਬਾਰੇ ਚਾਨਣਾ ਪਾਇਆ ਗਿਆ ਹੈ।

**ਗੁਰਮਤਿ ਸੰਗੀਤ ਟਰਮਿਨੌਲੌਜੀ:** ਇਹ ਪੁਸਤਕ ਸੰਨ 2012 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ। ਪੁਸਤਕ ਨੂੰ ਡਾ. ਗੁਰਨਾਮ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਹ ਪੁਸਤਕ ਕਿਸੇ ਲੇਖਕ ਦੀ ਨਿੱਜੀ ਰਚਨਾ ਨਹੀਂ ਹੈ ਬਲਕਿ ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖ ਨਾਲ ਵੱਖ-ਵੱਖ ਲੇਖਕਾਂ ਦੁਆਰਾ ਪ੍ਰਗਟਾਏ ਵਿਚਾਰਾਂ ਦਾ ਪ੍ਰਕਾਸ਼ਿਤ ਸੰਗ੍ਰਹਿ ਹੈ। ਇਹ ਪੁਸਤਕ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਤਿੰਨ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿਚ ਡਾ. ਗੁਰਨਾਮ ਸਿੰਘ ਲਿਖਦੇ ਹਨ ਕਿ ਗੁਰਮਤਿ ਸੰਗੀਤ ਸ਼ਬਦਾਵਲੀ ਦਾ ਇਹ ਖੋਜ ਪ੍ਰੋਜੈਕਟ ਇਕ ਲੰਮਾ ਅਤੇ ਕਠਿਨ ਅਕਾਦਮਿਕ ਕਾਰਜ ਸੀ ਜਿਸਨੂੰ ਵਿਦਵਾਨਾਂ ਦੀ ਸਮਰਪਿਤ ਟੀਮ ਨੇ ਸਾਲਾਂ ਦੀ ਮਿਹਨਤ ਨਾਲ ਇਸ ਖੋਜ ਪ੍ਰੋਜੈਕਟ ਨੂੰ ਅੰਤਿਮ ਰੂਪ ਦਿਤਾ। ਇਸ ਖੋਜ ਪ੍ਰੋਜੈਕਟ ਲਈ ਪੰਜਾਬੀ ਯੂਨੀਵਰਸਿਟੀ ਵਿਚ ਕਈ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਵਰਕਸ਼ਾਪਾਂ ਵਿਚ ਬੀਬੀ ਜਸਬੀਰ ਕੌਰ ਖਾਲਸਾ, ਸ. ਸੁਰਿੰਦਰ ਸਿੰਘ ਸਿੰਘ ਬੰਧੂ, ਪ੍ਰੋ. ਕਰਤਾਰ ਸਿੰਘ, ਡਾ. ਜਾਗੀਰ ਸਿੰਘ, ਡਾ. ਜਸਬੀਰ ਸਿੰਘ ਸਾਬਰ ਅਤੇ ਡਾ. ਗੁਰਨਾਮ ਸਿੰਘ ਆਦਿ ਭਾਗ ਲੈਣ ਵਾਲੇ ਵਿਦਵਾਨਾਂ ਦੇ ਨਾਮ ਵਰਨਣਯੋਗ ਹਨ। ਪੁਸਤਕ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਪ੍ਰਕਾਸ਼ਿਤ ਕੋਸ਼ਾਂ ਅਨੁਸਾਰ ਸ਼ਬਦ ਜੋੜਾਂ ਦਾ ਮਿਆਰੀਕਰਨ ਕੀਤਾ ਗਿਆ ਹੈ। ਇਸ ਸੰਗ੍ਰਹਿ ਸੰਭਾਲ ਅਤੇ ਤਕਨੀਕੀ ਸ਼ਬਦਾਵਲੀ ਦੇ ਸੰਕਲਨ ਨਾਲ ਗੁਰਮਤਿ ਸੰਗੀਤ ਦੀ ਇਕ ਵਿਸ਼ਾਲ ਪਰੰਪਰਾ ਉੱਭਰ ਕੇ ਸਾਹਮਣੇ ਆਉਂਦੀ ਹੈ ਤਾਂ ਜੋ ਅਕਾਦਮਿਕ ਤੌਰ ਤੇ ਇਹ ਪੁਸਤਕ ਅਧਿਆਪਨ ਅਤੇ ਖੋਜ ਪ੍ਰੋਗਰਾਮਾਂ ਲਈ ਸਹਾਇਕ ਸਿੱਧ ਹੋ ਸਕੇ।

**ਸਿੱਖ ਮਿਊਜ਼ਿਕੌਲੌਜੀ :** ਇਸ ਪੁਸਤਕ ਦਾ ਪ੍ਰਕਾਸ਼ਨ ਸੰਨ 2013 ਵਿਚ ਗੁਰਮਤਿ ਪ੍ਰਕਾਸ਼ਨ ਪਟਿਆਲਾ ਦੁਆਰਾ ਕੀਤਾ ਗਿਆ ਹੈ। ਇਹ ਪੁਸਤਕ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਨੂੰ ਡਾ. ਗੁਰਨਾਮ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਿਰਧਾਰਤ ਰਾਗਾਂ, ਗਾਇਨ ਰੂਪਾਂ, ਸੰਗੀਤ ਚਿੰਨ੍ਹਾਂ, ਸਿਰਲੇਖਾਂ ਅਤੇ ਬਾਣੀ ਵਿਚ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਾਚਣ ਦਾ ਯਤਨ ਕੀਤਾ ਗਿਆ ਹੈ। ਗੁਰਮਤਿ ਸੰਗੀਤ ਪਰੰਪਰਾ ਮੌਲਿਕ ਅਤੇ ਵਿਸ਼ੇਸ਼ ਸੰਗੀਤ ਵਿਗਿਆਨ ਦੀ ਸਿਰਜਣਾ ਕਰਦੀ ਹੈ। ਪੁਸਤਕ ਵਿਚ ਸ਼ਬਦ ਕੀਰਤਨ ਨੂੰ ਅਨੁਸ਼ਾਸਿਤ ਕਰਨ ਵਾਲੇ ਵੱਖ-ਵੱਖ ਸੰਗੀਤ ਤੱਤਾਂ ਬਾਰੇ ਅਤੇ ਇਨ੍ਹਾਂ ਦੇ ਕਾਰਜਸ਼ੀਲ ਪਹਿਲੂ ਨੂੰ ਯੋਜਨਾਬੱਧ ਵਿਚਾਰ ਦੁਆਰਾ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ''ਬਾਣੀ ਵਿਚ ਦਰਜ ਸਿਰਲੇਖਾਂ ਦੀ ਚਰਚਾ ਕਰਦਿਆਂ ਦੱਸਿਆ ਗਿਆ ਹੈ ਕਿ ਇਹ ਸਿਰਲੇਖ ਬਾਣੀ ਪ੍ਰਬੰਧ ਅਧੀਨ ਨਾ ਸਿਰਫ਼ ਕਾਵਿ ਰੂਪ ਧਾਰਨ

ਕਰਦੇ ਹਨ ਬਲਕਿ ਵਿਸ਼ੇਸ਼ ਗਾਇਨ ਸ਼ੈਲੀ ਅਤੇ ਸੰਗੀਤ ਰੂਪ ਹੁੰਦੇ ਹੋਏ ਇਕ ਵਿਸ਼ੇਸ਼ ਤਕਨੀਕ ਦੇ ਧਾਰਣੀ ਹੁੰਦੇ ਹਨ। ਡਾ. ਗੁਰਨਾਮ ਸਿੰਘ ਦੁਆਰਾ ਗੁਰਬਾਣੀ ਵਿਧਾਨ ਅਨੁਸਾਰ ਸ਼ਬਦ ਕੀਰਤਨ ਦੀ ਗਾਇਨ ਪ੍ਰਕਿਰਿਆ ਉਤੇ ਮਹੱਤਵਪੂਰਨ ਚਾਨਣਾ ਪਾਇਆ ਗਿਆ ਹੈ ਅਤੇ ਗੁਰਬਾਣੀ ਅਨੁਸਾਰੀ ਰਾਗਾਂ ਦੇ ਵਰਗੀਕਰਣ ਦੀ ਜਾਣਕਾਰੀ ਪੁਸਤਕ ਵਿਚ ਮੁਹੱਈਆ ਕਰਵਾਈ ਗਈ ਹੈ। ਗੁਰੂ ਸਾਹਿਬਾਨਾਂ ਤੋਂ ਚੱਲੀ ਆ ਰਹੀ ਕੀਰਤਨ ਚੌਕੀਆਂ ਦੀ ਪ੍ਰਥਾ ਦੇ ਵਿਕਾਸ ਅਤੇ ਸ਼ਬਦ ਕੀਰਤਨ ਵਿਚ ਪ੍ਰਯੋਗ ਹੁੰਦੇ ਆ ਰਹੇ ਸਾਜ਼ਾਂ ਦੀ ਜਾਣਕਾਰੀ ਦਾ ਵਰਨਣ ਕੀਤਾ ਗਿਆ ਹੈ। ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਸਥਾਪਿਤ ਹੁੰਦੇ ਆ ਰਹੇ ਕੀਰਤਨ ਕੇਂਦਰ ਸੰਸਥਾਨ ਅਤੇ ਟਕਸਾਲਾਂ ਬਾਰੇ ਪੁਸਤਕ ਵਿਚ ਚਾਨਣਾ ਪਾਇਆ ਗਿਆ ਹੈ। ਕੀਰਤਨ ਕੇਂਦਰ ਅਤੇ ਟਕਸਾਲਾਂ ਦੀ ਸੂਚੀ ਪੁਸਤਕ ਵਿਚ ਮੁਹੱਈਆ ਕਰਵਾਈ ਗਈ ਹੈ। ਪੁਸਤਕ ਵਿਚ ਡਾ. ਗੁਰਨਾਮ ਸਿੰਘ ਦੁਆਰਾ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਵਿਚ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰ-ਲਿੱਪੀ ਬੱਧ ਕੀਤਾ ਗਿਆ ਹੈ। ਇਸ ਪੁਸਤਕ ਦੀ ਮੁੱਖ ਵਿਸ਼ੇਸ਼ਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਿਤ ਰਾਗ, ਰਾਗ ਰੂਪਾਂ, ਸ਼ਾਸਤਰੀ ਗਾਇਨ ਸ਼ੈਲੀਆਂ, ਲੋਕ ਗਾਇਨ ਸ਼ੈਲੀਆਂ, ਰਹਾਉ, ਅੰਕ ਅਤੇ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਪ੍ਰਯੋਗ ਹੋਣ ਵਾਲੇ ਤੰਤੀ ਸਾਜ਼ਾਂ ਦੀ ਜਾਣਕਾਰੀ ਬਾਰੇ ਸਿਖਿਆਰਥੀਆਂ ਅਤੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਹੈ।

**ਬਸੰਤ ਸ਼ਬਦ ਕੀਰਤਨ :** ਇਹ ਪੁਸਤਕ ਗਰੇਸ਼ਿਅਸ ਬੁਕਸ ਪਟਿਆਲਾ ਦੁਆਰਾ ਸੰਨ 2014 ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿਚ ਡਾ. ਗੁਰਨਾਮ ਸਿੰਘ ਦੁਆਰਾ ਬਾਣੀ ਵਿਚ ਦਰਜ ਰਾਗ ਬਸੰਤ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਉਹ ਪੁਸਤਕ ਵਿਚ ਲਿਖਦੇ ਹਨ ਕਿ ਬਸੰਤ ਰਾਗ ਵਿਚ ਨਿਰਧਾਰਿਤ ਬਾਣੀ ਦਾ ਗਾਇਨ ਬਸੰਤ ਰਾਗ ਦੇ ਸਮਾਂ-ਸਿਧਾਂਤ ਅਨੁਸਾਰ, ਬਸੰਤ ਰੁੱਤ ਵਿਚ ਹਰ ਸਮੇਂ ਅਤੇ ਬਸੰਤ ਰਾਗ ਗਾਉਣ ਦੀ ਸਿੱਖ ਮਰਿਆਦਾ ਅਨੁਸਾਰ ਕੀਤਾ ਜਾਂਦਾ ਹੈ। ਪੁਸਤਕ ਵਿਚ ਦੱਸਿਆ ਗਿਆ ਹੈ ਕਿ ਬਸੰਤ ਰਾਗ ਤੇ ਅਧਾਰਿਤ ਬਸੰਤ ਦੀ ਕੀਰਤਨ ਚੌਂਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ ਤੇ ਮਾਘ ਦੀ ਸੰਗਰਾਦ ਵਾਲੇ ਦਿਨ ਤੋਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਬਸੰਤ ਰਾਗ ਨੂੰ ਸੰਪੂਰਨ ਰੂਪ ਵਿਚ ਜਾਣੂ ਕਰਵਾਉਂਦੇ ਹੋਏ ਡਾ. ਗੁਰਨਾਮ ਸਿੰਘ ਲਿਖਦੇ ਹਨ ਕਿ ਗੁਰੂ ਘਰ ਵਿਚ ਸਦੀਆਂ ਤੋਂ ਗਾਇਨ ਕੀਤੇ ਜਾਂਦੇ ਬਸੰਤ ਰਾਗ ਜਿਥੇ ਸਾਡੇ ਮਨਾਂ ਵਿਚ ਸ਼ਬਦ ਦਾ ਪ੍ਰਕਾਸ਼ ਕਰ ਰਹੇ ਹਨ ਉੱਥੇ ਸੰਗੀਤ ਦੀ ਰਾਗਾਤਮਕ ਵਿਰਾਸਤ ਨੂੰ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸੁਰੱਖਿਅਤ ਕੀਤਾ ਅਤੇ ਪਰਚਾਰਿਆ ਹੈ। ਡਾ. ਗੁਰਨਾਮ ਸਿੰਘ ਦੁਆਰਾ ਬਸੰਤ ਰਾਗ ਦੇ ਵੱਖ-ਵੱਖ ਪ੍ਰਕਾਰਾਂ ਵਿੱਚ ਸ਼ਬਦਾਂ ਨੂੰ ਸੁਰਲਿੱਪੀਬੱਧ ਕੀਤਾ ਗਿਆ ਹੈ ਅਤੇ ਇਨ੍ਹਾਂ ਸ਼ਬਦਾਂ ਦਾ ਗਾਇਨ ਕਰਕੇ ਇੱਕ ਆਡਿਓ ਸੀ.ਡੀ. ਵੀ ਪੁਸਤਕ ਦੇ ਨਾਲ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਇਸ ਸੰਗੀਤਕ ਵਿਰਾਸਤ ਤੋਂ ਜਾਣੂ ਹੋ ਸਕੇ।

**ਗੁਰੂ ਸ਼ਬਦ ਕੀਰਤਨ ਪਰਵੇਸ਼ਿਕਾ : ਇ**ਹ ਪੁਸਤਕ ਸੰਨ 2015 ਵਿਚ ਗਰੇਸ਼ਿਅਸ ਬੁਕਸ ਪਟਿਆਲਾ ਦੁਆਰਾ ਪ੍ਰਕਾਸ਼ਿਤ ਕਰਵਾਈ ਗਈ। ਇਸ ਪੁਸਤਕ ਵਿਚ ਡਾ. ਗੁਰਨਾਮ ਸਿੰਘ ਦੁਆਰਾ ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਅਤੇ ਮੌਲਿਕ ਤੇ ਨਵੀਨ ਸ਼ਬਦ ਕੀਰਤਨ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਵਾਉਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਗੁਰਮਤਿ ਸੰਗੀਤ ਵਿਚ ਪ੍ਰਵੇਸ਼ ਕਰਨ ਵਾਲੇ ਆਰੰਭਿਕ ਵਿਦਿਆਰਥੀਆਂ ਲਈ ਗੁਰਮਤਿ ਪਰੰਪਰਾ ਅਨੁਸਾਰ ਨਿਰਧਾਰਿਤ ਰਾਗਾਂ ਵਿਚ ਸਰਲ ਸ਼ਬਦ ਕੀਰਤਨ ਰਚਨਾਵਾਂ ਉਪਲਬੱਧ ਕਰਵਾਈਆਂ ਜਾ ਸਕਣ। ਪੁਸਤਕ ਵਿਚ ਸਮੂਹ ਸ਼ਬਦ ਕੀਰਤਨ ਰਚਨਾਵਾਂ ਵਿਚ ਰਹਾਉ ਦੀ ਤੁਕ ਨੂੰ ਸਥਾਈ ਅਤੇ ਅੰਕਾਂ ਅਨੁਸਾਰ ਅੰਤਰਿਆਂ ਦੀ ਵੰਡ ਨੂੰ ਯਕੀਨੀ ਬਣਾਉਦਿਆਂ ਗੁਰਮਤਿ ਸੰਗੀਤ ਮਰਿਆਦਾ ਨੂੰ ਕਾਇਮ ਰੱਖਣ ਦਾ ਯਤਨ ਕੀਤਾ ਗਿਆ ਹੈ। ਹਰ ਸ਼ਬਦ ਰਚਨਾ ਦੇ ਆਰੰਭ ਵਿਚ ਸ਼ਬਦ ਗਾਇਨ ਦੀ ਪੂਰਨ ਤਰਤੀਬ ਭਾਵ ਸ਼ਬਦ ਦੀ ਸਥਾਈ, ਅੰਤਰਾ, ਰਾਗ ਦਾ ਸੰਖੇਪ ਪਰਿਚੈ, ਸੁਰ ਵਿਸਥਾਰ ਅਤੇ ਹੋਰ ਸੰਬੰਧਿਤ ਜਾਣਕਾਰੀ ਦਾ ਉਲੇਖ ਪੁਸਤਕ ਵਿਚ ਸਪੱਸ਼ਟ ਰੂਪ ਵਿਚ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

**ਗੁਰ ਸ਼ਬਦ ਰਾਗ ਰਤਨਾਕਰ : ਇ**ਸ ਪੁਸਤਕ ਦਾ ਪ੍ਰਕਾਸ਼ਨ ਸੰਨ 2015 ਵਿਚ ਗਰੇਸ਼ਿਅਸ ਬੁਕਸ ਪਟਿਆਲਾ ਦੁਆਰਾ ਕਰਵਾਇਆ ਗਿਆ। ਗੁਰਮਤਿ ਸੰਗੀਤ ਪਰੰਪਰਾ ਉਹ ਸੰਗੀਤ ਪਰੰਪਰਾ ਹੈ ਜੋ ਗੁਰੂ ਸਾਹਿਬਾਨ ਦੁਆਰਾ

ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸਥਾਪਿਤ ਕੀਤੀ ਗਈ। ਗੁਰੂ ਸਾਹਿਬਾਨ ਨੇ ਰਾਗ ਨੂੰ ਰੰਜਕ ਤੇ ਸੰਚਾਰਕ ਸ਼ਕਤੀ ਵਜੋਂ ਗੁਰਮਤਿ ਸੰਗੀਤ ਵਿਚ ਪ੍ਰਮੁੱਖ ਦਰਜਾ ਦਿੱਤਾ ਹੈ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਰਸਮਈ ਤਰੀਕੇ ਨਾਲ ਸ਼ਬਦ ਕੀਰਤਨ ਗਾਇਕੀ ਦੇ ਅੰਦਾਜ਼ ਵਿਚ ਪ੍ਰਚਾਰਨ ਦੀ ਬੁਨਿਆਦੀ ਜ਼ਰੂਰਤ ਉਤੇ ਚਾਨਣਾ ਪਾਇਆ ਗਿਆ ਹੈ। ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਅਨੁਸਾਰ 31 ਮੁਖ ਰਾਗਾਂ ਵਿਚ ਸੰਗੀਤ ਰਚਨਾਵਾਂ ਤਿਆਰ ਕੀਤੀਆਂ ਹਨ ਤਾਂ ਜੋ ਵਰਤਮਾਨ ਸਮੇਂ ਵਿਚ ਨਵੀਂ ਪੀੜ੍ਹੀ ਦੇ ਕੀਰਤਨੀਆਂ ਨੂੰ ਸਹਿਜ ਭਰਪੂਰ ਰਾਗਾਤਮਕ ਸ਼ਬਦ ਕੀਰਤਨ ਗਾਇਕੀ ਵੱਲ ਪ੍ਰੇਰਿਤ ਕੀਤਾ ਜਾ ਸਕੇ। ਡਾ. ਗੁਰਨਾਮ ਸਿੰਘ ਦੁਆਰਾ ਪੁਰਾਤਨਤਾ ਅਤੇ ਨਵੀਨਤਾ ਦੇ ਸੁਮੇਲ ਵਜੋਂ ਚਾਰ ਤਾਲ ਤੇ ਇਕ ਤਾਲ ਵਿਚ ਕੁੱਝ ਨਵੀਨ ਸ਼ਬਦ ਕੀਰਤਨ ਰਚਨਾਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਨਵੀਂ ਪੀੜ੍ਹੀ ਦੋਵਾਂ ਸ਼ੈਲੀਆਂ ਨੂੰ ਸ਼ਬਦ ਦੇ ਕੀਰਤਨ ਦੁਆਰਾ ਆਪਣੇ ਸੰਗੀਤਕ ਅੰਦਾਜ਼ ਦਾ ਸ਼ਿੰਗਾਰ ਬਣਾ ਸਕੇ। ਰਾਗ ਸਿਰੀ, ਗੂਜਰੀ, ਧਨਾਸਰੀ, ਤੁਖਾਰੀ ਵਿਚ ਕੁੱਝ ਸ਼ਬਦ ਕੀਰਤਨ ਰਚਨਾਵਾਂ ਇਸ ਦੀ ਉਦਹਾਰਣ ਹਨ। ਪੁਸਤਕ ਵਿਚ ਡਾ. ਗੁਰਨਾਮ ਸਿੰਘ ਦਾ ਰਾਗਦਾਰੀ ਪੱਖੋਂ ਇਹੋ ਯਤਨ ਰਿਹਾ ਹੈ ਕਿ ਸੰਗੀਤ ਰਚਨਾ ਤੋਂ ਰਾਗ ਦਾ ਪ੍ਰਮਾਣਿਕ ਸਰੂਪ ਸਪੱਸ਼ਟ ਹੋ ਜਾਏ।

ਡਾ. ਗੁਰਨਾਮ ਸਿੰਘ ਦੇ ਸੰਨ 1979 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਲਗਭਗ 123 ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਇਨ੍ਹਾ ਖੋਜ ਪੱਤਰਾਂ ਰਾਹੀਂ ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾਂ ਖੋਜ ਪੱਤਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਗਾਇਨ ਸ਼ੈਲੀ ਦਾ ਵਿਧੀ-ਵਿਧਾਨ, ਰਾਗ ਪ੍ਰਬੰਧ, ਗੁਰਮਤਿ ਸੰਗੀਤ ਦਾ ਸੰਗੀਤਕ ਪਰਿਪੇਖ, ਗੁਰਬਾਣੀ ਦਾ ਸੰਗੀਤ ਪ੍ਰਬੰਧ ਆਦਿ ਵਿਸ਼ਿਆਂ ਤੇ ਚਾਨਣਾ ਪਾਇਆ ਗਿਆ ਹੈ। ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਵਿਵਹਾਰਕ ਪੱਖ ਨਾਲ ਸੰਬੰਧਿਤ ਕੁੱਝ ਖੋਜ ਪੱਤਰ ਇਸ ਪ੍ਰਕਾਰ ਹਨ:

1979 ਗੁਰਮਤਿ ਸੰਗੀਤ ਪੱਧਤੀ : ਇਕ ਅਧਿਐਨ
1985 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਮਹਾਨਤਾ (ਗੁਰਮਤਿ ਪ੍ਰਕਾਸ਼ਨ)
1991 ਗੁਰਮਤਿ ਸੰਗੀਤ ਅਤੇ ਲੋਕ ਸੰਗੀਤ ਅੰਤਰ ਸੰਬੰਧ (ਖੋਜ ਪੱਤ੍ਰਿਕਾ)
1993 ਗੁਰਮਤਿ ਸੰਗੀਤ ਦੀ ਕੀਰਤਨ ਚੌਂਕੀ ਪਰੰਪਰਾ (ਅੰਮ੍ਰਿਤ ਕੀਰਤਨ)
1997 ਗੁਰਮਤਿ ਸੰਗੀਤ ਕੀ ਵਿਲੱਖਣਤਾ (ਹਿੰਦੀ) (ਸੰਗੀਤ ਮੈਗਜ਼ੀਨ)
1997 ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਸੰਗੀਤ ਮੇਂ ਮਹੱਤਵ (ਹਿੰਦੀ) (ਗੁਰਮਤਿ ਸੰਗੀਤ ਅੰਕ)
2004 ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਧਾਨ (ਚੜ੍ਹਦੀ ਕਲਾ)
2007 ਗੁਰਮਤਿ ਸੰਗੀਤ ਮੇਂ ਪ੍ਰਯੁਕਤ ਸ਼ਾਸਤਰੀ ਵਾਦਯ (ਹਿੰਦੀ) (ਸ਼ਬਦ ਸਰੋਕਾਰ ਜਨਰਲ)
2008 ਗੁਰੂ ਅਰਜਨ ਬਾਣੀ ਦਾ ਰਾਗ ਵਿਧਾਨ (ਸਮਦਰਸ਼ੀ ਮੈਗਜ਼ੀਨ)

ਡਾ. ਗੁਰਨਾਮ ਸਿੰਘ ਦੇ ਸੰਨ 1985 ਤੋਂ ਲੈ ਕੇ 2014 ਤੱਕ ਲਗਭਗ 220 ਸ਼ੋਧ ਲੇਖ ਪ੍ਰਕਾਸ਼ਿਤ ਹੋਏ ਹਨ। ਇਹ ਸ਼ੋਧ ਲੇਖ ਵੱਖ-ਵੱਖ ਅਖ਼ਬਾਰਾਂ, ਪੱਤ੍ਰਿਕਾਵਾਂ ਅਤੇ ਕਿਤਾਬਾਂ ਵਿਚ ਛਪ ਚੁੱਕੇ ਹਨ। ਡਾ. ਗੁਰਨਾਮ ਸਿੰਘ ਦੁਆਰਾ ਜਲੰਧਰ ਤੋਂ ਛਪਣ ਵਾਲੇ ਪ੍ਰਮੁੱਖ ਪੰਜਾਬੀ ਅਖ਼ਬਾਰ 'ਰੋਜ਼ਾਨਾ ਅਜੀਤ' ਵਿਚ ਗੁਰਮਤਿ ਸੰਗੀਤ ਸੰਬੰਧੀ ਨਿਬੰਧ ਲੜੀ ਅਕਤੂਬਰ 2010 ਤੋਂ ਸਤੰਬਰ 2013 ਤੱਕ ਪ੍ਰਕਾਸ਼ਿਤ ਕਰਵਾਈ ਗਈ। ਇਸ ਲੜੀ ਤਹਿਤ ਗੁਰਮਤਿ ਸੰਗੀਤ ਦੀ ਸਿਧਾਂਤਕ ਪਛਾਣ, ਗੁਰਮਤਿ ਸੰਗੀਤ ਦੀ ਰਾਗ ਪਰੰਪਰਾ, ਚੌਂਕੀ ਸਾਹਿਬ ਦੀ ਕੀਰਤਨ ਪਰੰਪਰਾ, ਸਿੱਖ ਸੰਗੀਤ ਦੇ ਲੋਕ-ਸਾਜ਼, ਗੁਰਮਤਿ ਸੰਗੀਤ ਵਿਚ ਪੜਤਾਲ ਬਾਣੀ, ਗੁਰਮਤਿ ਸੰਗੀਤ ਵਿਚ ਟਕਸਾਲ, ਗੁਰਮਤਿ ਸੰਗੀਤ ਵਿਚ ਵਾਰ ਗਾਇਨ ਆਦਿ ਵਿਸ਼ਿਆਂ ਬਾਰੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਖੋਜ ਦੀ ਦ੍ਰਿਸ਼ਟੀ ਤੋਂ ਜਾਣੂ ਕਰਵਾਇਆ ਗਿਆ ਹੈ। ਡਾ. ਦਰਸ਼ਨ ਸਿੰਘ ਜੋ ਕਿ ਡਾ. ਗੁਰਨਾਮ ਸਿੰਘ ਦੇ ਪੀ-ਐੱਚ.ਡੀ ਦੇ ਨਿਗਰਾਨ ਹਨ ਦੇ ਅਨੁਸਾਰ, ਡਾ. ਗੁਰਨਾਮ ਸਿੰਘ ਦੁਆਰਾ ਰਚਿਤ ਸ਼ੋਧ ਲੇਖਾਂ ਨੂੰ ਪੜ੍ਹ ਕੇ ਉਹਨਾਂ ਦੀ ਗੁਰਮਤਿ ਸੰਗੀਤ ਦੇ ਵਿਕਾਸ ਪ੍ਰਤੀ ਦੂਰ ਦ੍ਰਿਸ਼ਟੀ ਸਪੱਸ਼ਟ ਨਜ਼ਰ ਆਉਂਦੀ ਹੈ।

ਡਾ. ਗੁਰਨਾਮ ਸਿੰਘ ਨੇ ਸੰਨ 1999 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗ ਅਤੇ 31 ਰਾਗ

ਪ੍ਰਕਾਰਾਂ ਅਨੁਸਾਰ 'ਗੁਰ ਸ਼ਬਦ ਕੀਰਤਨ' ਦੇ ਨਾਂ ਹੇਠ 10 ਆਡੀਓ ਕੈਸਟਾਂ ਦੇ ਸੈੱਟ ਦੇ ਰੂਪ ਵਿਚ ਐੱਚ.ਐਮ.ਵੀ. ਕੰਪਨੀ ਦੁਆਰਾ ਰਿਕਾਰਡ ਕਰਵਾ ਕੇ ਰਿਲੀਜ਼ ਕਰਵਾਏ। ਵਿਸ਼ਵ ਵਿਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਦੀ ਰਿਕਾਰਡਿੰਗ ਦੇ ਇਸ ਪ੍ਰੋਜੈਕਟ ਦਾ ਕਾਰਜ ਡਾ. ਗੁਰਨਾਮ ਸਿੰਘ ਦੁਆਰਾ ਕੀਤਾ ਗਿਆ। ਉਹਨਾਂ ਨੇ ਲਗਭਗ 26 ਆਡੀਓ ਕੈਸਟਾਂ ਤੇ ਸੀ.ਡੀ. ਅਤੇ ਲਗਭਗ 10 ਵੀਡੀਓ ਐਲਬਮ ਸ਼ਬਦ ਕੀਰਤਨ ਦੇ ਰੂਪ ਵਿਚ ਰਿਕਾਰਡ ਕਰਵਾਈਆਂ ਹਨ। ਡਾ. ਗੁਰਨਾਮ ਸਿੰਘ ਨੇ ਵਿਸ਼ਵ ਪ੍ਰਸਿੱਧ ਗਜ਼ਲ ਸਮਰਾਟ ਗਾਇਕ ਸਵਰਗੀ ਜਗਜੀਤ ਸਿੰਘ ਨਾਲ ਸੰਨ 2008 ਵਿਚ ਇਕ ਰਿਕਾਰਡਿੰਗ ਪ੍ਰੋਜੈਕਟ ਗੁਰੂ ਮਾਨਿਓ ਗ੍ਰੰਥ' ਵਿਚ ਕੰਮ ਕੀਤਾ ਹੈ। ਇਹ ਪ੍ਰੋਜੈਕਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਤਾ ਗੱਦੀ ਨੂੰ ਸਮਰਪਿਤ ਸੀ। ਇਹ ਪ੍ਰੋਜੈਕਟ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਹਾਰਾਸ਼ਟਰ ਵਿਖੇ ਆਰੰਭ ਕੀਤਾ ਗਿਆ। ਇਸ ਕਾਰਜ ਵਿਚ ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚ ਸੁਰਲਿੱਪੀ ਬੱਧ ਕੀਤੀਆਂ ਗਈਆਂ ਰਚਨਾਵਾਂ ਨੂੰ ਵੱਖ-ਵੱਖ ਸੰਗੀਤਕਾਰਾਂ ਅਤੇ ਗਾਇਕਾਂ ਦੁਆਰਾ ਗਾਇਨ ਕੀਤਾ ਗਿਆ। ਇਸ ਪ੍ਰੋਜੈਕਟ ਨੂੰ ਉਸ ਸਮੇਂ ਦੇ ਮੌਜੂਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੁਆਰਾ ਸ੍ਰੀ ਹਜ਼ੂਰ ਸਾਹਿਬ ਵਿਖੇ ਲੋਕ ਅਰਪਣ ਕੀਤਾ ਗਿਆ।

ਗੁਰਮਤਿਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਨੇ 13 ਜੁਲਾਈ 1979 ਨੂੰ ਪਟਿਆਲੇ ਵਿੱਚ ਗੁਰਮਤਿ ਸੰਗੀਤ ਸੁਸਾਇਟੀ ਦੀ ਸਥਾਪਨਾ ਕੀਤੀ। ਗੁਰਮਤਿ ਸੰਗੀਤ ਦੀ ਸਿਧਾਂਤਕ ਅਤੇ ਵਿਵਹਾਰਕ ਤੌਰ ਤੇ ਵੱਖਰੀ ਪਛਾਣ ਸਥਾਪਤ ਕਰਨ ਲਈ ਅਤੇ ਨਿਰਧਾਰਿਤ ਰਾਗਾਂ ਵਿਚ ਸ਼ਬਦ ਕੀਰਤਨ ਕਰਨ ਦੇ ਉਦੇਸ਼ ਲਈ ਗੁਰਮਤਿ ਸੰਗੀਤ ਸੁਸਾਇਟੀ ਦਾ ਗਠਨ ਕੀਤਾ ਗਿਆ। ਇਸ ਸੁਸਾਇਟੀ ਤਹਿਤ ਹਰ ਹਫਤੇ ਲੜੀਵਾਰ ਪ੍ਰੋ. ਤਾਰਾ ਸਿੰਘ ਦੀ ਸ਼ਿਸ਼ ਮੰਡਲੀ ਵਲੋਂ ਕਿਸੇ ਨਾ ਕਿਸੇ ਗੁਰਮਤਿ ਸੰਗੀਤ ਪ੍ਰੇਮੀ ਦੇ ਘਰ ਨਿਰਧਾਰਿਤ ਰਾਗਾਂ ਵਿਚ ਸ਼ਬਦ ਕੀਰਤਨ ਕੀਤਾ ਜਾਂਦਾ ਸੀ। ਸੰਨ 1988 ਵਿੱਚ ਪ੍ਰੋ. ਤਾਰਾ ਸਿੰਘ ਦੇ ਦੇਹਾਂਤ ਉਪਰੰਤ ਡਾ. ਗੁਰਨਾਮ ਸਿੰਘ ਨੇ ਆਪਣੇ ਸੰਗੀਤ ਗੁਰੂ ਦੁਆਰਾ ਗਠਨ ਕੀਤੀ ਸੁਸਾਇਟੀ ਦੀ ਵਾਗਡੋਰ ਸੰਭਾਲੀ। ਡਾ. ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ ਸੁਸਾਇਟੀ ਦੇ ਹਫਤਾਵਾਰ ਸਮਾਗਮ ਮੁੜ ਸ਼ੁਰੂ ਕੀਤੇ ਗਏ। ਡਾ. ਗੁਰਨਾਮ ਸਿੰਘ, ਸ੍ਰੀਮਤੀ ਸੁਰਜੀਤ ਕੌਰ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਦੁਆਰਾ ਸੁਸਾਇਟੀ ਦੀ ਅਗਵਾਈ ਕੀਤੀ ਗਈ। ਡਾ. ਗੁਰਨਾਮ ਸਿੰਘ ਨੇ ਨਿਰਧਾਰਿਤ ਰਾਗਾਂ ਵਿਚ ਹਰ ਹਫਤੇ ਕੀਰਤਨ ਦੀ ਲੜੀ ਤਹਿਤ ਸ਼ਬਦ ਕੀਰਤਨ ਦਾ ਗਾਇਨ ਕੀਤਾ। ਆਪ ਦੀ ਲਗਨ ਅਤੇ ਸਾਧਨਾ ਸਦਕਾ ਸੁਸਾਇਟੀ ਵੱਲੋਂ 1991 ਵਿਚ ਆਪ ਨੂੰ ਸਨਮਾਨਿਤ ਕੀਤਾ ਗਿਆ।

ਗੁਰਮਤਿ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿਚ ਡਾ. ਗੁਰਨਾਮ ਸਿੰਘ ਦਾ ਇਕ ਅਹਿਮ ਰੋਲ ਇਹ ਹੈ ਕਿ ਇਹਨਾਂ ਨੇ ਸਮੇਂ-ਸਮੇਂ ਤੇ ਗੁਰਮਤਿ ਸੰਗੀਤ ਉਤਸਵ ਅਤੇ ਵਰਕਸ਼ਾਪਾਂ ਦੀ ਅਗਵਾਈ ਕੀਤੀ। ਉਹਨਾਂ ਦੀ ਅਗਵਾਈ ਵਿਚ ਪਹਿਲਾ ਗੁਰਮਤਿ ਸੰਗੀਤ ਉਤਸਵ ਨਵੰਬਰ 2003 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕਰਵਾਇਆ ਗਿਆ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਅਨੁਸਾਰ ਬਾਣੀ ਦਾ ਉਚਾਰਣ ਕਰਨ ਹਿਤ ਗੁਰਮਤਿ ਸੰਗੀਤ ਵਿਦਵਾਨਾਂ ਅਤੇ ਕੀਰਤਨਕਾਰਾਂ ਨੂੰ ਮੰਚ ਪ੍ਰਦਾਨ ਕੀਤਾ ਗਿਆ। ਨਵੰਬਰ 2003 ਤੋਂ ਲੈ ਕੇ ਨਵੰਬਰ 2016 ਤੱਕ ਲਗਾਤਾਰ ਸਲਾਨਾ ਗੁਰਮਤਿ ਸਗੀਤ ਉਤਸਵ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਕਰਵਾਇਆ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਨਵੰਬਰ 2006 ਤੋਂ ਗੁਰਮਤਿ ਸੰਗੀਤ ਪ੍ਰਤਿਯੋਗਿਤਾ ਦਾ ਆਯੋਜਨ ਕੀਤਾ ਗਿਆ। ਇਹਨਾਂ ਪ੍ਰਤਿਯੋਗਿਤਾਵਾਂ ਵਿਚ ਤੰਤੀ ਸਾਜ਼, ਤਾਲ ਸਾਜ਼, ਪੜਤਾਲ ਗਾਇਕੀ ਤੇ ਸ਼ਬਦ ਕੀਰਤਨ ਦੇ ਮੁਕਾਬਲੇ ਵਿਦਿਆਰਥੀਆਂ ਵਿਚ ਕਰਵਾਏ ਜਾਂਦੇ ਰਹੇ ਹਨ। ਇਹ ਪ੍ਰਤਿਯੋਗਿਤਾ ਨਵੰਬਰ 2006 ਤੋਂ ਲੈ ਕੇ ਨਵੰਬਰ 2016 ਤੱਕ ਲਗਾਤਾਰ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਕਰਵਾਈ ਜਾਂਦੀ ਰਹੀ ਹੈ। ਗੁਰਮਤਿ ਸੰਗੀਤ ਉਤਸਵ, ਗੁਰਮਤਿ ਸੰਗੀਤ ਪ੍ਰਤਿਯੋਗਿਤਾ ਅਤੇ ਵਰਕਸ਼ਾਪਾਂ ਕਰਵਾਉਣ ਨਾਲ ਜੋ ਸੰਗੀਤਕ ਅਤੇ ਸੁਖਾਵਾਂ ਮਾਹੌਲ ਪੰਜਾਬੀ ਯੂਨੀਵਰਸਿਟੀ ਵਿਚ ਪੈਦਾ ਹੋਇਆ ਉਸ ਵਿਚ ਡਾ. ਗੁਰਨਾਮ ਸਿੰਘ ਨੇ ਮੋਹਰੀ ਭੂਮਿਕਾ ਨਿਭਾਈ ਹੈ।

ਸਵਰਗੀ ਸੰਤ ਬਾਬਾ ਸੁੱਚਾ ਸਿੰਘ ਨੇ ਗੁਰਮਤਿ ਸੰਗੀਤ ਦੀ ਰਾਗਾਤਮਕ ਪ੍ਰੰਪਰਾ ਨੂੰ ਪੁਨਰ ਸੁਰਜੀਤ ਕਰਨ

ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ 1991 ਵਿਚ ਸੰਗੀਤ ਮਾਰਤੰਡ ਪੰਡਿਤ ਦਲੀਪ ਚੰਦਰ ਬੇਦੀ ਦੀ ਅਗਵਾਈ ਵਿਚ ਰਾਗ ਨਿਰਣਾਇਕ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਵਿਚ ਉਘੇ ਵਿਦਵਾਨ ਕੀਰਤਨੀਆਂ ਤੇ ਸੰਗੀਤਕਾਰਾਂ ਨੂੰ ਮੈਂਬਰ ਬਣਾਇਆ ਗਿਆ ਤੇ ਇਸ ਕਮੇਟੀ ਵਿਚ ਡਾ. ਗੁਰਨਾਮ ਸਿੰਘ ਨੇ ਮੁੱਖ ਮੈਂਬਰ ਵਜੋਂ ਵਿਸ਼ੇਸ਼ ਭੂਮਿਕਾ ਨਿਭਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਦੇ ਸਰੂਪ ਨਿਰਧਾਰਣ ਕਰਨ ਦਾ ਕੰਮ ਇਸ ਕਮੇਟੀ ਦੁਆਰਾ ਕੀਤਾ ਗਿਆ। ਇਹਨਾਂ ਸਾਰੇ ਸਰੂਪਾਂ ਵਿੱਚੋਂ ਲਗਭਗ 75 ਪ੍ਰਤੀਸ਼ਤ ਸਰੂਪ ਡਾ. ਗੁਰਨਾਮ ਸਿੰਘ ਦੇ ਸੰਗੀਤ ਗੁਰੂ ਪ੍ਰੋ. ਤਾਰਾ ਸਿੰਘ ਵੱਲੋਂ ਸਖਤ ਮਿਹਨਤ ਨਾਲ ਨਿਰਧਾਰਤ ਕੀਤੇ ਰਾਗ ਸਰੂਪਾਂ ਨਾਲ ਮੇਲ ਖਾਂਦੇ ਹਨ। ਗੁਰਮਤਿ ਸੰਗੀਤ ਦੇ ਰਾਗਾਤਮਕ ਵਿਕਾਸ ਵਿਚ ਡਾ. ਗੁਰਨਾਮ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਉਹਨਾਂ ਨੇ ਆਪਣੀਆਂ ਪੁਸਤਕਾਂ ਤੇ ਰਿਕਾਰਡਿੰਗ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ਰਾਗ ਸਰੋਤਾ ਨੂੰ ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਪ੍ਰਚਾਰਿਆ। ਸਵਰਗੀ ਪ੍ਰੋ. ਕਰਤਾਰ ਸਿੰਘ ਅਨੁਸਾਰ, ਗੁਰਮਤਿ ਸੰਗੀਤ ਦੇ ਬਹੁਤੇ ਰਾਗ ਤਾਂ ਉਹੀ ਹਨ ਜਿਹੜੇ ਭਾਰਤੀ ਸੰਗੀਤ ਵਿਚ ਹਨ ਪਰ ਉਹਨਾਂ ਰਾਗਾਂ ਨੂੰ ਗੁਰਮਤਿ ਸੰਗੀਤ ਦਾ ਸਰੂਪ ਦੇ ਕੇ ਪ੍ਰਚਾਰਨ ਵਿਚ ਮੈਂ ਸਮਝਦਾ ਹਾਂ ਕਿ ਸਭ ਤੋਂ ਜ਼ਿਆਦਾ ਯੋਗਦਾਨ ਡਾ. ਗੁਰਨਾਮ ਸਿੰਘ ਦਾ ਹੈ।

ਡਾ. ਗੁਰਨਾਮ ਸਿੰਘ ਨੇ ਇਕ ਕੀਰਤਨਕਾਰ ਵਜੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਲਿਖਦੇ ਹਨ ਕਿ, ਡਾ. ਗੁਰਨਾਮ ਸਿੰਘ ਨੂੰ ਗੁਰਮਤਿ ਸੰਗੀਤ ਦੀਆਂ ਪੇਚੀਦਾ ਪੇਸ਼ਕਾਰੀਆਂ ਨੂੰ ਅਤਿ ਸੁਰ-ਤਾਲ ਵਿਚ ਗਾਇਨ ਕਰਨ ਦੀ ਭਲੀ ਸੋਝੀ ਹੈ। ਕੰਠ ਵਿਚ ਰਸ, ਦਰਦ, ਬੈਰਾਗ ਤੇ ਮਧੁਰਤਾ ਹੈ ਜੋ ਕਿ ਰਿਆਜ਼ ਅਤੇ ਅਣਥੱਕ ਸਾਧਨਾ ਉਪਰੰਤ ਹੀ ਉਪਜਦੀ ਹੈ। ਇੰਜ ਆਖ ਲਈਏ ਕਿ ਮੇਰੇ ਖੁਦ ਦੇ ਵੀ ਇਹ ਮਨਪਸੰਦ ਗਵੱਈਏ, ਕੀਰਤਨੀਏ ਤੇ ਰਾਗੀ ਨੇ। ਡਾ. ਗੁਰਨਾਮ ਸਿੰਘ ਰੇਡੀਓ ਅਤੇ ਦੂਰਦਰਸ਼ਨ ਦੇ ਗੁਰਮਤਿ ਸੰਗੀਤ ਵਿਚ ਪ੍ਰਵਾਣਿਤ 'ਏ' ਗਰੇਡ ਕਲਾਕਾਰ ਹਨ। ਉਹਨਾਂ ਨੇ ਰੇਡੀਓ ਅਤੇ ਦੂਰਦਰਸ਼ਨ ਤੇ ਕਈ ਪੇਸ਼ਕਾਰੀਆਂ ਸ਼ਬਦ ਕੀਰਤਨ ਦੇ ਰੂਪ ਵਿਚ ਪੇਸ਼ ਕੀਤੀਆਂ ਹਨ। ਦੂਰਦਰਸ਼ਨ ਦੇ ਦਿੱਲੀ ਕੇਂਦਰ ਤੋਂ ਪ੍ਰਸਾਰਿਤ ਹੋਣ ਵਾਲੇ ਸ਼ਬਦ ਗੁਰਬਾਣੀ ਦੇ ਪਹਿਲੇ ਪ੍ਰੋਗਰਾਮ 'ਗਾਵਹੁ ਸਚੀ ਬਾਣੀ' ਲਈ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੌਲਿਕ ਸੰਗੀਤ ਵਿਧਾਨ ਅਨੁਸਾਰ ਸ਼ਬਦ ਕੀਰਤਨ ਦਾ ਗਾਇਨ ਕਰਕੇ ਸਮੁੱਚੇ ਵਿਸ਼ਵ ਦੇ ਕੀਰਤਨਕਾਰਾਂ ਦਾ ਮਾਰਗ ਦਰਸ਼ਨ ਕੀਤਾ। ਸ੍ਰ. ਸੁਰਿੰਦਰ ਸਿੰਘ ਸਿੰਘ ਬੰਧੂ ਅਨੁਸਾਰ, ਮੇਰੀ ਨਜ਼ਰ ਵਿਚ ਡਾ. ਗੁਰਨਾਮ ਸਿੰਘ ਅੱਜ ਦੇ ਕੀਰਤਨੀਆਂ ਵਿਚੋਂ ਪ੍ਰਮੁੱਖ ਕੀਰਤਨੀਆਂ ਹੈ। ਉਸ ਨੇ ਗੁਰਮਤਿ ਸੰਗੀਤ ਦਾ ਪੂਰਣ ਗਹਿਰਾਈ ਨਾਲ ਅਧਿਐਨ ਕੀਤਾ ਹੈ। ਸੰਸਾਰ ਵਿਚ ਕੀਰਤਨ ਪਰੰਪਰਾ ਵਿੱਚ ਉਸ ਦਾ ਨਾਮ ਸਭ ਤੋਂ ਮੋਢੀ ਹੈ। ਡਾ. ਗੁਰਨਾਮ ਸਿੰਘ ਸ੍ਰੀ ਦਰਬਾਰ ਸਾਹਿਬ, ਸ੍ਰੀ ਮੰਜੀ ਸਾਹਿਬ ਰਾਗ ਦਰਬਾਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਲੁਧਿਆਣਾ, ਗੁਰਮਤਿ ਸੰਗੀਤ ਸਮਾਗਮ ਸ੍ਰੀ ਕੇਸ ਗੜ੍ਹ ਸਾਹਿਬ, ਬਸੰਤ ਰਾਗ ਦਰਬਾਰ ਅਤੇ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿਚ ਹੁਣ ਤੱਕ ਲਗਭਗ 500 ਦੇ ਕਰੀਬ ਸ਼ਬਦ ਕੀਰਤਨ ਦੇ ਰੂਪ ਵਿਚ ਆਪਣੀਆਂ ਪੇਸ਼ਕਾਰੀਆਂ ਪ੍ਰਸਤੁਤ ਕਰ ਚੁੱਕੇ ਹਨ ਅਤੇ ਵਰਤਮਾਨ ਸਮੇਂ ਵਿਚ ਇਹ ਕਾਰਜ ਨਿਰੰਤਰ ਜਾਰੀ ਹੈ।

ਸੋ ਉਪਰੋਕਤ ਚਰਚਾ ਡਾ. ਗੁਰਨਾਮ ਸਿੰਘ ਦੇ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਪਾਏ ਯੋਗਦਾਨ ਬਾਰੇ ਕੀਤੀ ਗਈ ਹੈ। ਉਹਨਾਂ ਦੁਆਰਾ ਗੁਰਮਤਿ ਸੰਗੀਤ ਦੀਆਂ ਗਾਇਨ-ਵਾਦਨ ਸ਼ੈਲੀਆਂ ਵਿਚ ਪ੍ਰਯੋਗ ਹੋਣ ਵਾਲੇ ਨਿਰਧਾਰਿਤ ਰਾਗਾਂ, ਤਾਲਾਂ ਤੇ ਸਾਜ਼ਾਂ ਨੂੰ ਸਰਪ੍ਰਸਤੀ ਪ੍ਰਦਾਨ ਕਰਦਿਆਂ ਇਨਾਂ ਦੀ ਵਿਸ਼ਵ ਪੱਧਰੀ ਪਛਾਣ ਉਜਾਗਰ ਕਰਨ ਹਿਤ ਸ਼ਲਾਘਾਯੋਗ ਯਤਨ ਕੀਤੇ ਜਾ ਰਹੇ ਹਨ। ਆਪ ਗੁਰਮਤਿ ਸੰਗੀਤ ਦੇ ਨਿਕਾਸ ਤੇ ਵਿਕਾਸ ਲਈ ਨਿਰੰਤਰ ਯਤਨਸ਼ੀਲ ਹਨ। ਡਾ. ਗੁਰਨਾਮ ਸਿੰਘ ਦੁਆਰਾ ਕੀਤੇ ਗਏ ਖੋਜ ਅਧਿਐਨ ਤੇ ਪ੍ਰਕਾਸ਼ਨਵਾਂ ਗੁਰਮਤਿ ਸੰਗੀਤ ਦੇ ਖੇਤਰ ਲਈ ਬਹੁਤ ਹੀ ਉਸਾਰੂ ਤੇ ਮਹੱਤਵਪੂਰਨ ਕਾਰਜ ਹਨ।

**ਖੋਜਾਰਥੀ**
**ਸੰਗੀਤ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਆਗਰਾ ਘਰਾਣਾ ਦੇ 'ਸਗੁਨ ਪੀਆ' ਪੰਡਿਤ ਯਸ਼ਪਾਲ

**ਡਾ. ਨਿਵੇਦਿਤਾ ਸਿੰਘ**



ਹਿੰਦੁਸਤਾਨੀ ਖ਼ਿਆਲ ਗਾਇਕੀ ਦੇ ਆਗਰਾ ਘਰਾਣਾ ਦੇ ਪੈਰੋਕਾਰ ਪੰਡਿਤ ਯਸ਼ਪਾਲ ਉਸ ਪੀੜ੍ਹੀ ਦੇ ਸਿਰਕੱਢ ਸ਼ਾਸਤਰੀ ਗਾਇਕਾਂ ਵਿਚੋਂ ਸਨ ਜਿਹਨਾਂ ਨੇ ਕਰੜੀ ਮਿਹਨਤ ਤੇ ਸਾਧਨਾ ਰਾਹੀਂ ਸ਼ਾਸਤਰੀ ਸੰਗੀਤ ਵਿੱਚ ਆਪਣਾ ਮੁਕਾਮ ਬਣਾਇਆ ਅਤੇ ਪੂਰੀ ਜ਼ਿੰਦਗੀ ਸੰਗੀਤ ਦੇ ਲੇਖੇ ਲਗਾ ਦਿੱਤੀ। 22 ਮਾਰਚ, 1937 ਨੂੰ ਗੁਜਰਾਂਵਾਲਾ (ਪਾਕਿਸਤਾਨ) ਵਿਚ ਜਨਮੇ ਯਸ਼ਪਾਲ ਦਾ ਪਰਿਵਾਰ ਦੇਸ਼ ਵੰਡ ਉਪਰੰਤ ਜਲੰਧਰ ਸ਼ਹਿਰ ਆ ਕੇ ਵੱਸ ਗਿਆ ਜੋ ਅੱਗੇ ਚੱਲ ਕੇ ਸੰਗੀਤ ਦੇ ਕੇਂਦਰ ਵਜੋਂ ਉਭਰਿਆ। ਸੰਗੀਤ ਦੀ ਮੁਢਲੀ ਤਾਲੀਮ ਕਸਤੂਰੀ ਲਾਲ ਜਸਰਾ ਪਾਸੋਂ ਹਾਸਿਲ ਕੀਤੀ ਜੋ ਕਸੂਰ ਦੇ ਉਸਤਾਦ ਛੋਟੇ ਗ਼ੁਲਾਮ ਅਲੀ ਖ਼ਾਂ ਦੇ ਸ਼ਗਿਰਦ ਸਨ। ਮਹਿਜ਼ ਗਿਆਰਾਂ ਵਰ੍ਹੇ ਦੀ ਉਮਰ ਵਿਚ ਹੀ ਹਰਿਵੱਲਭ ਸੰਗੀਤ ਸੰਮੇਲਨ ਵਿਚ ਗਾਇਨ ਪੇਸ਼ਕਾਰੀ ਦਿੱਤੀ ਤੇ ਸ੍ਰੋਤਿਆਂ ਦਾ ਮਨ ਮੋਹ ਲਿਆ। ਸੁਆਮੀ ਹਰਿਵੱਲਭ ਸੰਗੀਤ ਅਕਾਦਮੀ ਵਿਚ ਪੰ. ਹਰੀਸ਼ਚੰਦਰ ਬਾਲੀ ਤੋਂ ਵੀ ਸੰਗੀਤ ਦੇ ਗੁਰ ਗ੍ਰਹਿਣ ਕੀਤੇ। ਆਕਾਸ਼ਵਾਣੀ ਤੋਂ ਸੰਨ 1952 ਤੋਂ ਗਾਇਨ ਦਾ ਪਰਸਾਰਣ ਆਰੰਭ ਕੀਤਾ ਜੋ ਅੰਤਲੇ ਸਮੇਂ ਤੱਕ ਜਾਰੀ ਰਿਹਾ। ਆਲ ਇੰਡੀਆ ਰੇਡੀਓ ਦੇ 'ਟਾਪ ਗ੍ਰੇਡ' ਕਲਾਕਾਰ ਵਜੋਂ ਅਨੇਕ ਰਾਸ਼ਟਰੀ ਪ੍ਰੋਗਰਾਮ ਅਤੇ ਆਕਾਸ਼ਵਾਣੀ ਸੰਗੀਤ ਸੰਮੇਲਨਾਂ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਭਾਰਤ ਸਰਕਾਰ ਵਲੋਂ ਸੰਨ 1962 ਵਿਚ ਪ੍ਰਾਪਤ ਰਾਸ਼ਟਰੀ ਸਕਾਲਰਸ਼ਿਪ ਅਧੀਨ ਆਗਰਾ ਘਰਾਣਾ ਦੇ ਵਿਖਿਆਤ ਗਾਇਕ ਉਸਤਾਦ ਵਿਲਾਇਤ ਹੁਸੈਨ ਖ਼ਾਂ ਤੋਂ ਦਿੱਲੀ ਵਿਖੇ ਰਹਿ ਕੇ ਤਾਲੀਮ ਹਾਸਿਲ ਕੀਤੀ। ਉਸਤਾਦ ਦੇ ਸਵਰਗਵਾਸ ਹੋ ਜਾਣ ਉਪਰੰਤ ਉਹਨਾਂ ਦੇ ਹੀ ਸਪੁੱਤਰ ਯੂਨੁਸ ਹੁਸੈਨ ਖ਼ਾਨ ਤੋਂ ਆਗਰਾ ਘਰਾਣਾ ਦੀ ਗਾਇਕੀ ਦੀ ਤਾਲੀਮ ਜਾਰੀ ਰੱਖੀ। ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਅਤੇ ਪੰ. ਮਲਿਕਾਰਜੁਨ ਮੰਸੂਰ ਤੋਂ ਵੀ ਆਪ ਬੜੇ ਮੁਤਾਸਿਰ ਸਨ ਅਤੇ ਇਹਨਾਂ ਦਾ ਸੰਗ ਸਾਥ ਆਪ ਨੂੰ ਮਿਲਦਾ ਰਿਹਾ। ਪੰ. ਯਸ਼ਪਾਲ ਦੀ ਗਾਇਕੀ ਆਗਰਾ ਘਰਾਣਾ ਦੀਆਂ ਵਿਸ਼ੇਸ਼ਤਾਵਾਂ ਨਾਲ ਓਤ ਪ੍ਰੋਤ ਸੀ। ਖੁੱਲ੍ਹੀ ਆਵਾਜ਼, ਗਲੇ ਦੀ ਤਿਆਰੀ ਤੇ ਲੈਅ ਨਾਲ ਗੁੰਦਿਆ ਹੋਇਆ ਰਾਗ ਦਾ ਵਿਸਥਾਰ ਆਪ ਦੀ ਗਾਇਕੀ ਦੇ ਵਿਸ਼ੇਸ਼ ਲੱਛਣ ਸਨ। ਗਾਇਕ ਹੋਣ ਦੇ ਨਾਲ-ਨਾਲ ਇੱਕ ਸੁਘੜ ਵਾਗੇਯਕਾਰ ਵਜੋਂ 'ਸਗੁਨ ਪੀਆ' ਦੇ ਉਪਨਾਮ ਅਧੀਨ ਅਨੇਕ ਬੰਦਿਸ਼ਾਂ ਦੀ ਰਚਨਾ ਕੀਤੀ।

ਸੰਗੀਤ ਦੇ ਅਕਾਦਮਕ ਖੇਤਰ ਵਿਚ ਵੀ ਪੰ. ਯਸ਼ਪਾਲ ਦਾ ਯੋਗਦਾਨ ਭਰਪੂਰ ਰਿਹਾ। ਚੰਡੀਗੜ੍ਹ ਦੇ ਐੱਮ.ਸੀ.ਐੱਮ. ਡੀ.ਏ.ਵੀ. ਕਾਲਜ ਵਿਚ ਸੰਗੀਤ ਵਿਭਾਗ ਦੀ ਸਥਾਪਨਾ ਕੀਤੀ ਤੇ ਲੰਮਾ ਸਮਾਂ ਸੰਗੀਤ ਸਿੱਖਿਆ ਦਿੱਤੀ। ਪੰਜਾਬ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਸੇਵਾ ਮੁਕਤੀ ਤੱਕ ਓਥੇ ਹੀ ਅਨੇਕ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਇਸ ਤੋਂ ਇਲਾਵਾ ਗੁਰੂ ਵਜੋਂ ਵੀ ਕਈ ਸ਼ਗਿਰਦ ਤਿਆਰ ਕੀਤੇ ਜਿਹਨਾਂ ਵਿਚੋਂ ਪ੍ਰਮੁਖ ਡਾ.ਹਰਵਿੰਦਰ ਸਿੰਘ, ਡਾ.ਗੁਰਮੀਤ ਸਿੰਘ, ਡਾ.ਨੀਰਾ ਗਰੋਵਰ, ਡਾ. ਨੀਲਮ ਪਾਲ, ਡਾ. ਜਾਗੀਰ ਸਿੰਘ, ਸ. ਗੁਰਬਖ਼ਸ਼ ਸਿੰਘ (ਯੂ.ਕੇ.), ਸ੍ਰੀਮਤੀ ਪਾਮੇਲਾ ਸਿੰਘ, ਸ੍ਰੀਮਤੀ ਨਿਧੀ ਨਾਰੰਗ ਅਤੇ ਕਸ਼ਿਸ਼ ਮਿੱਤਲ ਹਨ। ਸ਼ਗਿਰਦਾਂ ਨੂੰ ਤਾਲੀਮ ਦੇਣ ਦਾ ਢੰਗ ਬੜਾ ਵਿਵਿਸਥਿਤ ਤੇ ਟਕਸਾਲੀ ਸੀ। ਸੁਰ ਲਗਾਓ ਪੱਕਾ ਕਰਵਾਏ ਬਿਨਾਂ ਅੱਗੇ ਨਹੀਂ ਚੱਲਦੇ ਸਨ ਤੇ ਇਸ ਗੱਲ ਦੇ ਪੱਕੇ ਧਾਰਨੀ ਸਨ ਕਿ ਸੰਗੀਤ ਸਿੱਖਣ ਦਾ ਰਾਹ ਸਰਲ ਤੇ ਸੌਖਾ ਨਹੀਂ।

ਹਿੰਦੁਸਤਾਨ ਦੇ ਅਨੇਕ ਸੰਗੀਤ ਸੰਮੇਲਨਾਂ ਵਿਚ ਪੰ. ਯਸ਼ਪਾਲ ਨੇ ਸ਼ਿਰਕਤ ਕੀਤੀ। ਰਾਸ਼ਟਰੀ ਸੰਗੀਤ ਨਾਟਕ ਅਕਾਦਮੀ ਵਲੋਂ ਟੈਗੋਰ ਪੁਰਸਕਾਰ ਨਾਲ ਸਨਮਾਨਿਤ ਹੋਣ ਤੋਂ ਇਲਾਵਾ ਪੰਜਾਬ ਸੰਗੀਤ ਨਾਟਕ ਅਕਾਦਮੀ, ਪੰਜਾਬ ਸਟੇਟ ਐਵਾਰਡ ਜਹੇ ਕਈ ਹੋਰ ਪੁਰਸਕਾਰ ਆਪ ਦੀ ਝੋਲੀ ਪਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪੰਜਾਬ ਸੰਗੀਤ ਰਤਨ ਐਵਾਰਡ ਪ੍ਰਦਾਨ ਕੀਤਾ ਗਿਆ ਅਤੇ ਨਾਲ ਹੀ ਆਪ ਦੀ ਪੰਜਾਬੀ ਭਾਸ਼ਾਈ ਬੰਦਿਸ਼ਾਂ ਦੇ ਗਾਇਨ ਦੀ ਰਿਕਾਰਡਿੰਗ ਵੀ ਸੁਰੱਖਿਅਤ ਕੀਤੀ ਗਈ। ਆਪ ਨੇ ਮਹਾਂਨਗਰੀ ਜੀਵਨ ਬਤੀਤ ਕਰਨ ਨਾਲੋਂ ਪੰਜਾਬ ਅਤੇ ਚੰਡੀਗੜ੍ਹ ਨੂੰ ਆਪਣੀ ਕਰਮ ਭੂਮੀ ਬਣਾਇਆ। ਘਰਾਣੇਦਾਰ ਗਾਇਕ, ਚਿੰਤਕ, ਗੁਰੂ ਤੇ ਸੁਘੜ ਵਾਗੇਯਕਾਰ

ਦਾ ਸੁਮੇਲ ਪੰਡਿਤ ਯਸ਼ਪਾਲ ਨੇ ਇਸ ਖਿੱਤੇ ਵਿਚ ਸ਼ਾਸਤਰੀ ਗਾਇਕੀ ਨੂੰ ਸੰਭਾਲਣ ਤੇ ਪਰਸਾਰਿਤ ਕਰਨ ਦਾ ਉੱਦਮ ਸਾਰੀ ਉਮਰ ਜਾਰੀ ਰੱਖਿਆ। ਚੜ੍ਹਦੇ ਪੰਜਾਬ ਵਿਚ ਸ਼ਾਸਤਰੀ ਸੰਗੀਤ ਦੀ ਵਿਰਾਸਤ ਨੂੰ ਸੰਭਾਲਣ ਅਤੇ ਅੱਗੇ ਵਧਾਉਂਣ ਲਈ ਕਾਰਜਸ਼ੀਲ ਰਹਿਣ ਵਾਲੇ ਸੰਗੀਤਕਾਰਾਂ ਵਿਚੋਂ ਆਪ ਦਾ ਨਾਮ ਮੂਹਰਲੀ ਕਤਾਰ ਵਿਚ ਆਉਂਦਾ ਹੈ। ਮਿਤੀ 3 ਜਲਾਈ, 2023 ਨੂੰ ਗੁਰੂਪੂਰਨਿਮਾ ਵਾਲੇ ਦਿਨ ਆਪ ਨਾਦਬ੍ਰਹਮ ਵਿਚ ਵਿਲੀਨ ਹੋ ਗਏ। ਕਲਾ ਅਜਿਹੇ ਸਾਧਕਾਂ ਤੇ ਸਿਰੜੀ ਵਾਹਕਾਂ ਦੇ ਸਦਕਾ ਹੀ ਅੱਗੇ ਵੱਧਦੀ ਹੈ। ਪੰਜਾਬ ਦੀ ਸੰਗੀਤ ਪਰੰਪਰਾ ਦੇ ਇਤਿਹਾਸ ਵਿਚ ਆਪ ਦਾ ਨਾਮ ਸਦਾ ਗੂੜ੍ਹੇ ਅੱਖਰਾਂ ਵਿਚ ਦਰਜ ਰਹੇਗਾ।

ਡਾ. ਨਿਵੇਦਿਤਾ ਸਿੰਘ
ਸ਼ਾਸਤਰੀ ਗਾਇਕਾ
ਪ੍ਰੋਫ਼ੈਸਰ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪਰਕ: 98885-15059

## ਵੱਖਰੀ ਆਭਾ ਵਾਲੇ ਸਿਰਜਕ

ਸਾਡੇ ਸਨਮਾਨਿਤ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਜੀ ਦੀ ਇੱਕ ਵਿੱਲਖਣ ਕਿਤਾਬ ਹੈ। ਇਸ ਵਿੱਚ ਉਹਨਾਂ ਨੇ ਆਪਣੇ ਮਨ ਪਸੰਦ ਸੁਤਾਰਾਂ ਵਿਅਕਤੀਆਂ ਦੇ ਕਾਵਿ ਚਿਤਰ ਲਿਖੇ ਹਨ। ਇਸ ਦੀ ਛਪਾਈ ਅਤੇ ਸਰੂਪ ਵੀ ਵਿਲੱਖਣ ਹੈ। ਇਸ ਵਿਚ ਮੇਰਾ ਵੀ ਜ਼ਿਕਰ ਹੋਇਆ ਹਾਂ ਜਿਸ ਲਈ ਮੈਂ ਮਨਮੋਹਨ ਸਿੰਘ ਜੀ ਦਾ ਧੰਨਵਾਦ ਹੀ ਕਰ ਸਕਦਾ ਹਾਂ।

ਪੁਸਤਕ ਦਾ ਪ੍ਰਕਾਸ਼ਨ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :
ਪ੍ਰਕਾਸ਼ਕ - ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ - 160016
ਫੋਨ: 98146-73236, 0172-4613236
ਮੁੱਲ : 300 ਰੁਪਏ

## 'ਧੀਆਂ ਡਾਲਰ ਖੋਜਣ ਚੱਲੀਆਂ'

ਸਾਡੇ ਪਿਆਰੇ ਸਤਿਕਾਰੇ ਮਿੱਤਰ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਸੱਜਰੀ ਪੁਸਤਕ ਹੈ। ਇਸ ਨੂੰ ਪੜ੍ਹ ਕੇ ਮੈਂ ਇਤਨਾ ਮੰਤਰ ਮੁਗਧ ਹੋਇਆ ਹਾਂ। ਮੈਂ ਹਰ ਕਿਸੇ ਨੂੰ ਪੁਸਤਕ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ।ਜੇ ਕੋਈ ਚਾਹੇਗਾ ਤਾਂ ਮੈਂ ਇਹ ਪੁਸਤਕ ਮੁਫਤ ਭਿਜਵਾਈ ਜਾ ਸਕਦਾ ਹਾਂ। ਉਂਜ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:
ਪ੍ਰਕਾਸ਼ਕ-ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
ਫੋਨ: 0181-2623184, 9872991780
ਮੁੱਲ - 275/ਰੁਪਏ

## ਜ਼ਰੂਰੀ ਸੂਚਨਾ

**ਮੈਗਜ਼ੀਨ ਮਿਲਣ ਤੇ ਮੋਬਾਈਲ ਨੰਬਰ 9855640630 ਤੇ ਜ਼ਰੂਰ ਸੂਚਿਤ ਕਰੋ ਜੀ।**

# Bhai Inderjit Singh Ji (Bombay)

Dr. Amardev Singh



With deep sorrow, we share the news of the passing of Bhai Inderjit Singh Ji, one of the most esteemed and senior Kirtanis who served at Sri Harmandir Sahib, Amritsar. Bhai Sahib left for his heavenly abode on 3rd June 2025 while on tour in the United Kingdom. Though his voice has fallen silent, his spirit continues to resonate in the divine Shabads he so soulfully rendered throughout his life.

Bhai Inderjit Singh Ji was widely respected for his mastery over a vast repertoire of Shabads, and his deep knowledge and rendition of Dasam Bani. His service at Sri Harmandir Sahib touched countless hearts, elevating the spiritual experience of the Sangat with every Kirtan performance.

Born into a family devoted to Gurbani and Kirtan, Bhai Sahib inherited this rich legacy from his father, Bhai Tarlok Singh Ji, a renowned Kirtani who served as a Hazoori Raagi at Gurdwara Janam Asthan, Nankana Sahib. Bhai Tarlok Singh Ji was deeply admired for his powerful and melodious voice. Following the partition of Punjab, the family resettled in the village of Kalo Majra in the Rajpura tehsil of Patiala district. Bhai Inderjit Singh Ji was one of six siblings, with two brothers and three sisters. His brother, Giani Jaswinder Singh Ji, served as the former Head Granthi of Sri Harmandir Sahib. After the sudden passing of their father, who collapsed while doing Kirtan during the Shaheedi Purab of Guru Arjan Dev Ji, the children were raised by their mother. A woman of immense strength and virtue, she nurtured in them values of compassion, humility, and Sewa. As Bhai Sahib fondly recalled, she would teach them the importance of sharing by sending portions of their meals to neighbours and bringing them daily to the village Gurdwara.

From a young age, Bhai Inderjit Singh Ji was naturally drawn to music. Initially captivated by folk tunes and singers like Yamla Jatt, his life took a spiritual turn when Master Lal Singh, a respected village elder, questioned his choice of songs, reminding him of his sacred lineage. That encounter, at just 10 years old, marked a turning point. He began learning Kirtan from the distinguished Sangeetacharya Prof. Tara Singh Ji of Punjabi University, Patiala. Among his seniors was Dr. Gurnam Singh Ji. His first Raag was Bilawal, and he went on to study many others, including the art of Asa Di Vaar, all taught using the Tanpura, in the traditional Gurmat Sangeet style.

Despite balancing his academic pursuits with musical training, Bhai Sahib remained committed to deepening his knowledge of music and Gurbani. During a period spent in

Bombay, he served as a Sewadar at a local Gurdwara, where he began singing Shabads and initiated his study of Gurmat. After completing his exams in Patiala, he once visited Gurdwara Dukh Niwaran Sahib and did an Ardas, humbly asking for the blessing of Kirtan. Soon after, he found himself at Paonta Sahib, where his formal Kirtan journey truly began. It was there that he formed his first 'jatha' and served the Sangat for nearly two years before returning to Bombay. Bhai Inderjit Singh Ji was a devoted father of three children; two sons and one daughter. His youngest son, Bhai Simranjeet Singh, is also a Kirtani, continuing his father’s legacy. He accompanied Bhai Sahib at Sri Harmandir Sahib for over a year, playing the surmandal, and is currently based in Bombay, serving through Kirtan independently.

Many of the recordings we have today are from Bhai Sahib's visit to Malaysia and Singapore in the mid-1990s, prior to his regular service at Sri Harmandir Sahib. During this memorable tour, he was accompanied on tabla by Bhai Gurjinder Singh, who also later accompanied Bhai Kishanpal Singh Ji during a visit to Malaysia in 2000.

The life and service of Bhai Inderjit Singh Ji continue to inspire. His devotion, humility, and deep connection with Gurbani have left an indelible mark on all who had the privilege to listen to his Kirtan. If anyone has additional recordings of Bhai Sahib to share, we kindly invite you to contact us at kirtansewamalaysia@gmail.com, so that his legacy may be preserved and shared with future generations.

May Waheguru bless his soul with eternal peace.

Waheguru Ji Ka Khalsa, Waheguru Ji Ki Fateh.


**–ਵਾਹ ਉਸਤਾਦ ਵਾਹ–**

ਇਕਵਾਕ ਸਿੰਘ ਪੱਟੀ ਦੀ  ਇਸ ਨਿਵੇਕਲੀ ਪੁਸਤਕ ਵਿੱਚ ਪੰਜਾਬੀ ਵਿੱਚ ਦੇਸ਼ ਦੇ ਮਹਾਨ ਤਬਲਾ ਵਾਦਕਾਂ ਦੀਆਂ ਜੀਵਨੀਆਂ ਨੂੰ ਅੰਕਿਤ ਕੀਤਾ ਗਿਆ ਹੈ। ਪੁਸਤਕ ਦੇ ਪ੍ਰਕਾਸ਼ਕ ਹਨ –

ਮਾਝਾ ਵਰਲਡਵਾਈਡ, ਸੁਲਤਾਨਵਿੰਡ’ ਅੰਮ੍ਰਿਤਸਰ ਸਾਹਿਬ

ਮੋਬਾਈਲ–94787 67620 –ਪੁਸਤਕ ਦਾ ਮੁੱਲ–399 ਰੁਪਏ ਹੈ।

# ਰਾਗ ਸਿਮਹੇਂਦਰਮਧਯਮਮ

**ਗੁਰਬਖ਼ਸ਼ ਸਿੰਘ**

ਦੱਖਣੀ ਭਾਰਤ ਦੇ ਇਸ ਰਾਗ ਵਿੱਚ ਗੰਧਾਰ ਅਤੇ ਧੈਵਤ ਕੋਮਲ ਪਰ ਮੱਧਯਮ ਤੀਵਰ ਹੈ। ਦੱਖਣੀ ਭਾਰਤ ਦਾ ਰਾਗ ਹੋਣ ਦੇ ਨਾਤੇ ਇਸ ਦਾ ਗਾਇਨ ਸਮਾ ਨਿਸ਼ਚਿਤ ਨਹੀਂ ਪਰ ਇਸ ਨੂੰ ਰਾਤ ਦੇ ਦੂਸਰੇ ਪਹਿਰ ਵੀ ਗਾ ਸਕਦੇ ਹਾਂ। ਰਾਗ ਟੋਡੀ ਦਾ ਰਿਸ਼ਭ ਸ਼ੁੱਧ ਕਰਨ ਨਾਲ ਜਾਂ ਕਿਰਵਾਨੀ ਦਾ ਮੱਧਯਮ ਤੀਵਰ ਕਰਨ ਨਾਲ ਜਾਂ ਮਧੂਵੰਤੀ ਦਾ ਧੈਵਤ ਕੋਮਲ ਕਰਨ ਨਾਲ ਇਸ ਰਾਗ ਦੀ ਸੁਰ ਰਚਨਾ ਹੋਈ ਹੈ, ਇਸੇ ਲਈ ਮਧੂਵੰਤੀ ਤੋਂ ਬਚਾਉਣ ਲਈ ਆਰੋਹ ਵਿੱਚ ਰਿਸ਼ਭ, ਕਿਰਵਾਨੀ ਤੋਂ ਬਚਾਉਣ ਲਈ ਤੀਵਰ ਮੱਧਯਮ ਅਤੇ ਮੁਲਤਾਨੀ ਤੋਂ ਬਚਾਉਣ ਲਈ ਉਤਰਾਂਗ ਦੇ ਆਰੋਹ ਵਿੱਚ ਕੋਮਲ ਧੈਵਤ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ।

Walter Kaufmann ਦੇ ਗ੍ਰੰਥ The Ragas of South India ਦੇ ਅਨੁਸਾਰ ਇਸ ਦੇ ਮਹੱਤਵਪੂਰਨ ਸੁਰ ਰਿਸ਼ਭ ਅਤੇ ਪੰਚਮ ਹਨ ਜੋ ਵਾਦ ਸੰਵਾਦ ਅਸੂਲ ਉੱਤੇ ਪੂਰੇ ਉੱਤਰਦੇ ਹਨ।

**ਆਰੋਹ**: ਸ ਰ, ਗ̲ ਮ॑ ਪ, ਧ̲ ਨ ਸਂ

**ਅਵਰੋਹ**: ਸਂ ਨ ਧ̲ ਪ, ਮ॑ ਗ̲ ਰ, ਸ

**ਮੁੱਖ ਅੰਗ**: ਧ਼̲ ਨ਼ ਸ ਰ, ਰ ਗ̲ ਮ॑ ਪ, ਮ॑ ਗ̲ ਰ

**ਚਾਲ**: ਨ਼ ਸ, ਸ ਨ਼ ਧ਼̲ ਨ਼ ਸ, ਧ਼̲ ਨ਼ ਸ ਰ–ਨ਼ ਧ਼̲ ਸ, ਨ਼ ਸ ਰ ਮ॑ਗ̲, ਰ ਗ̲ ਰ– ਨ਼ ਧ਼̲ ਸ। ਨ਼ ਸ ਧ਼̲ ਨ਼ ਸ ਰ–ਮ॑ ਗ̲ ਰ–ਸ, ਸ ਰ ਗ̲ ਮ॑ ਗ̲ ਪ–ਮ॑ ਪ ਗ̲ ਮ॑ ਪ– ਧ̲ ਪ ਮ॑ ਪ ਗ̲ ਰ–ਸ ਨ਼ ਸ। ਸ ਰ ਗ̲ ਮ॑ ਪ–ਪ ਧ̲ ਪ–ਪ ਨ ਧ̲ ਨ ਧ̲ ਪ, ਪ ਮ॑ ਗ̲ ਮ॑ ਪ–ਧ̲–ਨ–ਸਂ। ਧ̲ ਨ ਸਂ ਰਂ ਗ̲ਂ ਰਂ ਸਂ। ਸਂ ਰਂ ਗ̲ਂ ਰਂ ਸਂ। ਸਂ ਨ ਧ̲ ਪ–ਪ ਧ̲ ਮ॑ ਪ ਮ॑ ਗ̲ ਰ–ਗ̲ ਰ ਸ ਨ਼ ਸ।

## ਸਿਮਹੇਂਦਰਮਧਯਮਮ (ਰੂਪਕ ਤਾਲ)

**ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥**
**ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥੧॥**
**ਠਾਕੁਰ ਐਸੋ ਨਾਮੁ ਤੁਮ੍ਹਾਰੋ ॥**
**ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ ॥੧॥ ਰਹਾਉ ॥**
**ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥**
**ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ॥੨॥**
**(ਰਾਗ ਗੂਜਰੀ ਮਹਲਾ ੫) ਅੰਗ ੪੯੮**

## ਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਧੁ | ਪ | ਮ॑ਪ | ਮ॑ | ਗੁ | ਰ | ਨ਼ਸ | ਰ | ਰ | ਰਗੁ | ਮ॑ | – | ਪ | – |
| ਠਾ | ਕੁ | ਰऽ | ਐ | ऽ | ਸੋ | ऽऽ | ਨਾ | ਮ | ऽਤੁ | ਮਾ | ऽ | ਰੋ | ऽ |
| ਪਪ | ਮ॑ | ਪ | (ਮ॑)ਗੁ | –ਗੁ | ਮ॑ | ਪ | ਧੁ | ਧੁ | ਨ | ਧੁ | – | ਪ | – |
| ਸਗੁ | ਲ | ਸ | ਰਿ | ऽਸੁ | ਟ | ਕੋ | ਧ | ਣੀ | ਕ | ਹੀ | ऽ | ਜੈ | ऽ |
| ਪ | ਮ॑ | ਪ | ਗੁ | – | ਮ॑ | ਪ | ਗੁਮ॑ | ਪਧੁ | ਪਮ॑ | ਗੁਮ॑ | ਪਮ॑ | ਗੁਰ | ਸ |
| ਜ | ਨ | ਕੋ | ਅੰ | ऽ | ਗ | ਨਿ | ਰਾऽ | ऽऽ | ऽऽ | ਰੋऽ | ऽऽ | ऽऽ | _ |
| ਨ਼ | ਨ਼ | ਸ | ਰ | – | ਰ | – | ਗੁ | ਗੁ | ਮ॑ | ਪ | – | ਪ | – |
| ਠਾ | ਕੁ | ਰ | ਐ | ऽ | ਸੋ | ऽ | ਨਾ | ਮ | ਤੁ | ਮਾ | ऽ | ਰੋ | ऽ |
| x | | | ੨ | | ੩ | | x | | | ੨ | | ੩ | |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪਪ | ਮ॑ | ਪ | (ਮ॑)ਗੁ | (ਮ॑)ਗੁ | ਮ॑ | ਪ | ਧੁ | – | ਪਧੁ | ਨ | ਨ | ਸੰ | – |
| ਪਤਿ | ਤ | ਪ | ਵਿ | ਤ | ਰ | ਲਿ | ਏ | ऽ | ਕਰ | ਅ | ਪੁ | ਨੇ | ऽ |
| ਸੰਸੰ | ਰੰ | ਗੁੰ | ਰੰ | ਸੰ | ਨਨ | ਸੰ | ਧੁ | – | ਨ | ਸੰ | – | – | – |
| ਸਗੁ | ਲ | ਕ | ਰ | ਤ | ਨਮ | ਸ | ਕਾ | ऽ | ऽ | ਰੋ | ऽ | ऽ | ऽ |
| ਸੰਸੰ | ਨ | ਧੁ | ਪ | ਪ | ਮ॑ | ਪ | ਮ॑ | ਗੁ | ਰ | ਗੁ | ਮ॑ | ਪ | – |
| ਬੁਰ | ਨ | ਜਾ | ऽ | ਤ | ਕ | ਊ | ਪੂ | ਛੈ | ऽ | ਨਾ | ऽ | ਹੀ | ऽ |
| ਧੁ | ਪ | ਮ॑ | (ਮ॑)ਗੁ | ਗੁ | ਮ॑ | ਪ | ਗੁਮ॑ | ਪਧੁ | ਪਮ॑ | ਗੁਮ॑ | ਪਮ॑ | ਗੁਰ | ਸ |
| ਬਾ | ਛ | ਹਿ | ਚ | ਰ | ਨ | ਰ | ਵਾऽ | ऽऽ | ऽऽ | ਰੋऽ | ऽऽ | ऽऽ | ऽ |
| ਨ਼ | ਨ਼ | ਨ਼ | ਸ | – | ਸ | – | ਰ | ਰ | ਰਗੁ | ਮ॑ | – | ਪ | – |
| ਨਾ | ਮ | ਤੁ | ਮਾ | ऽ | ਰੋ | ऽ | ਨਾ | ਮ | ਤੁऽ | ਮਾ | ऽ | ਰੋ | ऽ |
| x | | | ੨ | | ੩ | | x | | | ੨ | | ੩ | |

**e-mail: gurbuxsingh@gmail.com**

www.alpoverseas.com

THE ALP GROUP


# LEADERS IN EPDM & RUBBER

## Polymer based products



WORLD CLASS RESEARCH & DEVELOPMENT CENTER AT ALP POLYMER PARK, GUGALKOTA, RAJASTHAN

## GLOBAL PRESENCE




Manufactured and Marketed by: **ALP OVERSEAS PVT. LTD.**
**Corporate Office**: Plot No. 32, Sector-18 HUDA, Gurgaon, Haryana - 122015 (INDIA)
**Telephone**: +91-124-4731500 | **Website**: www.alpoverseas.com